# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 28 ਜੂਨ 2024 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਤਿਕਾਰ ਕਮੇਟੀ ਵੱਲੋਂ ਕਿਸਾਨੀ ਮੰਗਾਂ ਅਤੇ ਬੰਦੀ ਸਿੰਘਾਂ ਦੀ ਰਿਹਾਈ ਹਿਤ ਹਫਤਾਵਾਰੀ ਧਰਨਾ ਜਾਰੀ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 28 ਜੂਨ : ਸਤਿਕਾਰ ਕਮੇਟੀ ਬੀਸੀ ਕਨੇਡਾ ਵੱਲੋਂ ਕਿੰਗ ਜੌਰਜ ਸਟਰੀਟ ਅਤੇ 88 ਐਵਨਿਊ ਉੱਪਰ ਬੀਅਰ ਕਰੀਕ ਪਾਰਕ ਦੇ ਕੋਨੇ 'ਤੇ ਦਿੱਤੇ ਜਾ ਰਹੇ ਹਫਤਾਵਾਰੀ ਧਰਨੇ ਵਿੱਚ ਕਮੇਟੀ ਦੇ ਆਗੂਆਂ ਨੇ ਸ਼ੰਭੂ ਬਾਰਡਰ ਅਤੇ ਹੋਰ ਬਾਰਡਰਾਂ ਉੱਪਰ ਕਥਿਤ ਸਿਆਸੀ ਪਾਰਟੀਆਂ ਦੇ ਕਰਿੰਦਿਆਂ ਵੱਲੋਂ ਹੁੱਲੜਬਾਜੀ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਿਆ ਕੀਤੀ ਹੈ। ਸਤਿਕਾਰ ਕਮੇਟੀ ਦੇ ਮੁੱਖ ਬੁਲਾਰੇ ਕੁਲਦੀਪ ਸਿੰਘ ਸੇਖੋਂ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਸਤਿਕਾਰ ਕਮੇਟੀ ਹਰ ਹਫਤੇ ਪੰਜਾਬ ਦੇ ਕਿਸਾਨਾਂ ਦੇ ਹੱਕ ਵਿੱਚ, ਬੰਦੀ ਸਿੰਘਾਂ ਦੀ ਰਿਹਾਈ ਲਈ, ਅੰਮ੍ਰਿਤਪਾਲ ਸਿੰਘ ਖਾਲਸਾ ਤੇ ਉਹਨਾਂ ਦੇ ਸਾਥੀਆਂ ਦੀ ਰਿਹਾਈ ਵਾਸਤੇ ਧਰਨਾ ਦੇ ਰਹੀ ਹੈ ਤੇ ਮੁਜ਼ਾਹਰਾ ਕਰ ਰਹੀ ਹੈ।



ਉਹਨਾਂ ਕਿਹਾ ਕਿ ਬੰਦੀ ਸਿੰਘਾਂ ਨੂੰ ਲੰਮੇ ਸਮੇਂ ਤੋਂ ਕਾਲ ਕੋਠੜੀਆਂ ਵਿੱਚ ਰੱਖਿਆ ਹੋਇਆ ਹੈ। ਉਹ ਆਪਣੀਆਂ ਸਜ਼ਾਵਾਂ ਵੀ ਪੂਰੀਆਂ ਕਰ ਚੁੱਕੇ ਹਨ ਪਰ ਉਹਨਾਂ ਨੂੰ ਫਿਰ ਵੀ ਰਿਹਾਅ ਨਹੀਂ ਕੀਤਾ ਜਾ ਰਿਹਾ ਜੋ ਕਿ ਸ਼ਰੇਆਮ ਬੇਇਨਸਾਫੀ ਹੈ। ਸ. ਸੇਖੋ ਨੇ ਕਿਹਾ ਕਿ ਕਿਸਾਨ ਭਰਾਵਾਂ ਨੂੰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਵੱਲੋਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਪਹਿਲਾਂ ਤਿੰਨ ਕਾਲੇ ਕਾਨੂੰਨ ਰੱਦ ਕਰ ਕੇ, ਮਾਫੀ ਮੰਗ ਕੇ ਵਾਅਦੇ ਕੀਤੇ ਗਏ ਪਰ ਉਹ ਪੂਰੇ ਤਾਂ ਕੀ ਕਰਨੇ ਸੀ ਉਸ ਤੋਂ ਵੀ ਭੈੜੇ ਹੋਰ ਕਾਨੂੰਨ ਮੂੰਹ ਅੱਡੀ ਖੜ੍ਹੇ ਹਨ। ਕਿਸਾਨ ਭਰਾਵਾਂ ਨੂੰ ਅੱਕ ਹਾਰ ਕੇ ਦੁਬਾਰਾ ਫੇਰ ਮੋਰਚਾ ਲਾਉਣ ਲਈ ਮਜਬੂਰ ਹੋਣਾ ਪਿਆ। ਉਹਨਾਂ ਕਿਹਾ ਕਿ ਟੋਲ ਪਲਾਜ਼ਿਆਂ ਦੇ ਰੇਟ ਵੀ ਵਧਾ ਦਿੱਤੇ ਗਏ ਹਨ ਤੇ ਕਿਸਾਨ ਅੱਤ ਦੀ ਗਰਮੀ ਵਿੱਚ ਘਰ ਬਾਰ ਛੱਡ ਕੇ ਟੋਲ ਪਲਾਜ਼ਿਆਂ 'ਤੇ ਬੈਠੇ ਹਨ, ਪ੍ਰਸ਼ਾਸਨ ਇਹਨਾਂ ਦੀ ਗੱਲ ਵੱਲ ਕੋਈ ਧਿਆਨ ਨਹੀਂ ਦੇ ਰਿਹਾ। ਸਰਕਾਰਾਂ ਨੇ ਤਾਂ ਕੰਨਾਂ ਵਿੱਚ ਸਿੱਕਾ ਢਾਲ ਕੇ ਪਾਇਆ ਹੋਇਆ ਹੈ।

ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਸਹੁੰ ਚੁੱਕ ਸਮਾਗਮ ਵਿੱਚ ਹਾਲੇ ਤੱਕ ਨਾ ਜਾਣ ਦੇਣ ਦੀ ਨਿਖੇਧੀ ਕਰਦਿਆਂ ਕੁਲਦੀਪ ਸਿੰਘ ਸੇਖੋਂ ਨੇ ਕਿਹਾ ਕਿ ਇੱਕ ਪਾਸੇ ਸਰਕਾਰਾਂ ਲੋਕਤੰਤਰ ਦੀਆਂ ਟਾਹਰਾਂ ਮਾਰ ਰਹੀਆਂ ਹਨ ਅਤੇ ਦੂਜੇ ਪਾਸੇ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਨੂੰ ਕਾਲ ਕੋਠੜੀ ਵਿੱਚ ਡੱਕਿਆ ਹੋਇਆ ਹੈ। ਉਹਨਾਂ ਕਿਹਾ ਕਿ ਬਾਹਰਲੇ ਦੇਸ਼ ਵੀ ਇਸ ਗੱਲ ਦੀ ਸਲਾਹ ਦੇ ਰਹੇ ਹਨ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਉਹਨਾਂ ਦੇ ਸਾਥੀਆਂ ਨੂੰ ਤੁਰੰਤ ਛੱਡ ਦੇਣਾ ਚਾਹੀਦਾ ਹੈ ਕਿਉਂਕਿ ਭਾਈ ਅੰਮ੍ਰਿਤਪਾਲ ਸਿੰਘ ਨੇ ਲੱਖਾਂ ਵੋਟਾਂ ਲੈ ਕੇ ਜਿੱਤ ਪ੍ਰਾਪਤ ਕੀਤੀ ਹੈ।

## ਪੰਜਾਬ ਸਟੇਟ ਫੂਡ ਕਮਿਸ਼ਨ ਦੇ ਮੈਂਬਰ ਨੇ ਕੀਤਾ ਜ਼ਿਲ੍ਹੇ ਦਾ ਅਚਨਚੇਤੀ ਦੌਰਾ

ਵਰਲਡ ਪੰਜਾਬੀ ਟਾਈਮਜ਼ ਗੁਰਪ੍ਰੀਤ ਚਹਿਲ

ਬਠਿੰਡਾ, 28 ਜੂਨ : ਪੰਜਾਬ ਸਟੇਟ ਫੂਡ ਕਮਿਸ਼ਨ ਮੈਂਬਰ ਸ਼੍ਰੀ ਚੇਤਨ ਪ੍ਰਕਾਸ਼ ਧਾਲੀਵਾਲ ਵਲੋਂ ਜ਼ਿਲ੍ਹੇ ਦਾ ਅਚਨਚੇਤ ਦੌਰਾ ਕੀਤਾ ਗਿਆ। ਦੌਰੇ ਦੌਰਾਨ ਉਨ੍ਹਾਂ ਵਲੋਂ ਰਾਸ਼ਨ ਡਿਪੂਆ ਦੀ ਚੈਕਿੰਗ ਕੀਤੀ ਗਈ ਤੇ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ ਗਿਆ।

ਦੌਰੇ ਮੌਕੇ ਰਾਸ਼ਨ ਡਿਪੂ ਰਾਮਪੁਰਾ ਫੂਲ ਮਨੀਸ਼ ਕੁਮਾਰ ਪੀਡੀਐਸ. ਨੰ U138, ਰਾਸ਼ਨ ਡਿਪੂ ਰਾਜੇਸ਼ ਕੁਮਾਰ ਪੀਡੀਐਸ ਨੰ U99, ਰਾਮਪੁਰਾ ਅਰਬਨ, ਰਾਸ਼ਨ ਡਿਪੂ ਸ਼ਿਖਾਰਾਣੀ ਪੀਡੀਐਸ ਨੰ U46, ਵਿਖੇ ਕਣਕ ਦੀ ਵੰਡ ਦਾ ਨਿਰੀਖਣ ਕੀਤਾ ਗਿਆ ਤੇ ਲਾਭਪਾਤਰੀਆ ਨੂੰ ਕਣਕ ਠੀਕ ਢੰਗ ਨਾਲ ਵੰਡੀ ਜਾ ਰਹੀ ਸੀ। ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਇਨ੍ਹਾਂ ਰਾਸ਼ਨ ਡਿਪੂਆ ਤੇ ਸ਼ਿਕਾਇਤ ਬਾਕਸ ਅਤੇ ਜਾਗਰੂਕਤਾ ਬੈਨਰ ਲਗਾਏ ਯਕੀਨੀ ਬਣਾਏ ਜਾਣ।



ਇਸ ਉਪਰੰਤ ਰਾਸ਼ਨ ਡਿਪੂ ਗਾਂਧੀ ਨਗਰ ਰਜਤ ਸਿੰਗਲਾ ਪੀਡਐਸ ਨੰ U126 ਅਤੇ ਰਾਸ਼ਨ ਡਿਪੂ ਬਲਬੀਰ ਸਿੰਘ ਪੀਡੀਐਸ ਨੰ U55 ਦਾ ਦੌਰਾ ਕੀਤਾ ਗਿਆ ਚੈਕਿੰਗ ਦੌਰਾਨ ਡਿਪੂ ਹੋਲਡਰਾ ਵਲੋਂ ਕਣਕ ਦੀ ਵੰਡ ਦੇ ਕੰਮ ਦੀ ਸੁਰੂਆਤ ਨਹੀਂ ਕੀਤੀ ਗਈ ਸੀ ਜਿਸਦੇ ਸਬੰਧ ਵਿੱਚ ਮੈਂਬਰ ਸ਼੍ਰੀ ਧਾਲੀਵਾਲ ਵਲੋਂ ਕਣਕ ਦੀ ਵੰਡ ਦੇ ਕੰਮ ਦੀ ਸ਼ੁਰੂਆਤ ਜਲਦ ਤੋਂ ਜਲਦ ਕਰਨ ਦੀ ਹਦਾਇਤ ਕੀਤੀ ਗਈ ਤਾਂ ਜੋ ਬਿਨਾ ਕਿਸੇ ਦੇਰੀ ਨਾਲ ਕਣਕ ਲਾਭਪਾਤਰੀਆ ਨੂੰ ਮੁਹੱਈਆ ਕਰਵਾਈ ਜਾ ਸਕੇ। ਇਨ੍ਹਾਂ ਰਾਸ਼ਨ ਡਿਪੂਆ ਤੇ ਵੀ ਬੈਨਰ ਅਤੇ ਸ਼ਿਕਾਇਤ ਬਾਕਸ ਮੌਜੂਦ ਨਹੀਂ ਸਨ। ਉਨ੍ਹਾਂ ਹਦਾਇਤ ਕਰਦਿਆਂ ਕਿਹਾ ਕਿ ਇਨ੍ਹਾਂ ਰਾਸ਼ਨ ਡਿਪੂਆ ਤੇ ਸ਼ਿਕਾਇਤ ਬਾਕਸ ਅਤੇ ਜਾਗਰੂਕਤਾ ਬੈਨਰ ਲਗਾਏ ਯਕੀਨੀ ਬਣਾਏ ਜਾਣ।

ਚੈਕਿੰਗ ਦੌਰਾਨ ਉਨ੍ਹਾਂ ਵਲੋਂ ਮੌਕੇ ਤੇ ਮੌਜੂਦ ਲਾਭਪਾਤਰੀਆਂ ਨੂੰ ਕਮਿਸ਼ਨ ਦੇ ਹੈਲਪਲਾਈਨ ਨੰਬਰ 98767-64545 ਦੀ ਜਾਣਕਾਰੀ ਦਿੱਤੀ ਅਤੇ ਨਾਲ ਹੀ ਲਾਭਪਾਤਰੀਆਂ ਨੂੰ ਜਾਣਕਾਰੀ ਦਿੱਤੀ ਗਈ ਕੀ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆ ਸਕੀਮਾਂ ਸਬੰਧੀ ਸ਼ਿਕਾਇਤ ਉਹ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਰ (ਵਿਕਾਸ) ਕੋਲ ਦਰਜ ਕਰਵਾ ਸਕਦੇ ਹਨ ਅਤੇ ਕਮਿਸ਼ਨ ਦੀ ਵੈਬਸਾਈਟ ਤੇ ਵੀ ਆਪਣੀ ਸ਼ਿਕਾਇਤ ਭੇਜ ਸਕਦੇ ਹਨ।

## ਕੁਝ ਮਿੰਟਾਂ ਦੀ ਬਾਰਿਸ਼ ਨੇ ਧਾਰਿਆ ਝੀਲ ਦਾ ਰੂਪ, ਲੋਕਾਂ ਨੂੰ ਮਿਲੀ ਗਰਮੀ ਤੋਂ ਰਾਹਤ

ਵਰਲਡ ਪੰਜਾਬੀ ਟਾਈਮਜ਼ ਟਿੰਕੂ ਕੁਮਾਰ



ਕੋਟਕਪੂਰਾ, 28 ਜੂਨ : ਪਿਛਲੇ ਕੁਝ ਦਿਨਾਂ ਤੋਂ ਪੈ ਰਹੀ ਗਰਮੀ ਕਾਰਨ ਲੋਕਾਂ ਨੂੰ ਜਿਊਣਾ ਮੁਸ਼ਕਿਲ ਹੋਇਆ ਪਿਆ ਸੀ ਪਰ ਅੱਜ ਹੋਈ ਬਾਰਿਸ਼ ਕਾਰਨ ਲੋਕਾਂ ਨੂੰ ਗਰਮੀ ਤੋ ਰਾਹਤ ਮਿਲੀ। ਮੀਂਹ ਕਾਰਨ ਸਾਰਾ ਸ਼ਹਿਰ ਜਲ ਥਲ ਹੋ ਗਿਆ, ਸ਼ਹਿਰ 'ਚੋਂ ਮੀਂਹ ਵਾਲੇ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਨਾ ਹੋਣ ਕਾਰਨ ਸ਼ਹਿਰ ਦੇ ਕਈ ਇਲਾਕਿਆਂ ਵਿੱਚ ਪਏ ਸੀਵਰੇਜ ਦੀ ਪੋਲ ਖੋਲ ਦਿੱਤੀ। ਮੀਂਹ ਕਾਰਨ ਸ਼ਹਿਰ ਝੀਲ ਦਾ ਰੂਪ ਧਾਰਨ ਕਰ ਗਿਆ। ਅੱਜ ਦੇ ਪਏ ਮੀਂਹ ਨੂੰ ਝੱਲਣ ਵਿੱਚ ਨਾਕਾਮ ਰਹੇ ਨਗਰ ਕੌਂਸਲ ਦੇ ਪ੍ਰਬੰਧਾਂ ਤੋਂ ਸਾਫ ਨਜਰ ਆ ਰਿਹਾ ਹੈ ਕਿ ਮਾਨਸੂਨ ਦੌਰਾਨ ਲੋਕਾਂ ਨੂੰ ਪ੍ਰਸ਼ਾਨੀਆਂ 'ਚੋ ਲੰਘਣਾ ਪਵੇਗਾ। ਮੀਂਹ ਵਾਲੇ ਪਾਣੀ ਦੀ ਨਿਕਾਸੀ ਸਹੀ ਤਰੀਕੇ ਨਾਲ ਨਾ ਹੋਣ ਕਾਰਨ ਸ਼ਹਿਰ 'ਚ ਨੀਵੇਂ ਇਲਾਕਿਆਂ ਵਿੱਚ ਕਈ ਦੁਕਾਨਾਂ ਅਤੇ ਘਰਾਂ ਵਿੱਚ ਮੀਂਹ ਦਾ ਪਾਣੀ ਵੜ ਜਾਣ ਕਾਰਨ ਕਈ ਦੁਕਾਨਦਾਰਾਂ ਦਾ ਸਮਾਨ ਖਰਾਬ ਹੋ ਗਿਆ। ਸ਼ਹਿਰ ਵਿਚ ਥਾਂ-ਥਾਂ ਭਰੇ ਪਾਣੀ ਕਾਰਨ ਲੋਕਾਂ ਨੂੰ ਆਪਣੀ ਮੰਜ਼ਿਲ 'ਤੇ ਆਉਣ ਜਾਣ ਵਿੱਚ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪਿਆ, ਉੱਥੇ ਖੜੇ ਪਾਣੀ ਵਿੱਚੋ ਲੰਘਣ ਸਮੇਂ ਦੋਪਹੀਆ ਵਾਹਨ ਬੰਦ ਹੁੰਦੇ ਨਜਰ ਆਏ। ਮੀਂਹ ਪੈਣ ਕਾਰਨ ਸ਼ਹਿਰ ਦੇ ਬਜਾਰ ਵੀ ਦੇਰੀ ਨਾਲ ਖੁੱਲੇ ਪਰ ਬਜਾਰ ਵਿੱਚ ਗਾਹਕ ਨਾ ਹੋਣ ਕਾਰਨ ਦੁਕਾਨਦਾਰ ਗਾਹਕ ਦੇ ਇੰਤਜਾਰ ਵਿੱਚ ਖਾਲੀ ਬੈਠੇ ਦੇਖੇ ਗਏ।

## ਨਿਊਵੈਸਟ ਮਿਨਸਟਰ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 28 ਜੂਨ : ਗੁਰਦੁਆਰਾ ਸੁਖਸਾਗਰ ਸਾਹਿਬ ਨਿਊਵੈਸਟ ਮਿਨਸਟਰ ਵੱਲੋਂ ਹਰ ਸਾਲ ਵਾਂਗ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਛਤਰ-ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਗੁਰਦੁਆਰਾ ਸੁਖਸਾਗਰ ਸਾਹਿਬ ਤੋਂ ਸਵੇਰੇ 9 ਵਜੇ ਆਰੰਭ ਹੋਇਆ ਅਤੇ ਦੁਪਹਿਰੇ ਵੇਲੇ ਕੁਈਨਜ਼ ਬਰੋਅ ਪਾਰਕ ਵਿਚ ਪੁੱਜਿਆ ਜਿਥੇ ਸਜਾਏ ਗਏ ਧਾਰਮਿਕ ਦੀਵਾਨ ਵਿਚ ਸਿੱਖ ਬੁਲਾਰਿਆਂ ਨੇ ਗੁਰੂ ਅਰਜਨ ਦੇਵ ਜੀ ਅਤੇ ਸਿੱਖ ਇਤਿਹਾਸ ਦੇ ਮਹਾਨ ਵਿਰਸੇ ਬਾਰੇ ਵਿਚਾਰ ਪੇਸ਼ ਕੀਤੇ। ਨਗਰ ਕੀਰਤਨ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਬੜੇ ਉਤਸਾਹ ਅਤੇ ਸ਼ਰਧਾ ਨਾਲ ਸ਼ਾਮਲ ਹੋਈਆਂ।

## ਗੁਰਦੇਵ ਸਿੰਘ ਮਾਨ ਯਾਦਗਾਰੀ ਸਮਾਗਮ ਮੌਕੇ ਗੁਰਭਜਨ ਗਿੱਲ ਦੀ ਸੰਪੂਰਨ ਗ਼ਜ਼ਲ ਰਚਨਾਵਲੀ "ਅੱਖਰ ਅੱਖਰ" ਕੈਨੇਡਾ ਵਿੱਚ ਰਾਏ ਅਜ਼ੀਜ਼ ਉਲ੍ਹਾ ਖਾਂ ਤੇ ਸਾਥੀਆਂ ਵੱਲੋਂ ਲੋਕ ਅਰਪਨ

ਸਰੀ 28 ਜੂਨ : ਪੰਜਾਬੀ ਲੋਕ ਵਿਰਾਸਤ ਅਕਾਡਮੀ ਲੁਧਿਆਣਾ ਦੇ ਚੇਅਰਮੈਨ ਪ੍ਰੋ. ਗੁਰਭਜਨ ਸਿੰਘ ਗਿੱਲ ਦੀ ਪਿਛਲੇ ਪੰਜਾਹ ਸਾਲ ਦੌਰਾਨ ਲਿਖੀ ਸੰਪੂਰਨ ਗ਼ਜ਼ਲ ਰਚਨਾਵਲੀ "ਅੱਖਰ ਅੱਖਰ" ਗੁਰੂ ਗੋਬਿੰਦ ਸਿੰਘ ਜੀ ਵੱਲੋਂ ਰਾਏਕੋਟ ਵਿਖੇ ਗੰਗਾ ਸਾਗਰ ਤੇ ਹੋਰ ਭੇਟਾਵਾਂ ਨਾਲ ਵਰੋਸਾਏ ਰਾਏ ਕੱਲ੍ਹਾ ਪਰਿਵਾਰ ਦੇ ਵਰਤਮਾਨ ਵਾਰਸ ਰਾਏ ਅਜ਼ੀਜ਼ ਉਲ੍ਹਾ ਖ਼ਾਂ ਤੇ ਸਾਥੀਆਂ ਵੱਲੋਂ ਸਰੀ( ਕੈਨੇਡਾ) ਵਿਖੇ ਲੋਕ ਅਰਪਨ ਕੀਤਾ ਗਿਆ।
ਕਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ ਸ਼ਾਹੀ ਕੇਟਰਿੰਗ ਰੈਸਟਰੈਂਟ ਹਾਲ ਵਿਖੇ ਸੁਰਗਵਾਸੀ ਗੀਤਕਾਰ ਸਵ: ਗੁਰਦੇਵ ਸਿੰਘ ਮਾਨ ਦੀ ਬਰਸੀ ਮੌਕੇ ਇਸ ਕਿਤਾਬ ਨੂੰ ਪਾਠਕਾਂ ਹਵਾਲੇ ਕੀਤਾ ਗਿਆ।
ਇਸ ਮੌਕੇ "ਗੁਰਦੇਵ ਸਿੰਘ ਮਾਨ ਮੈਮੋਰੀਅਲ " ਨਾਲ ਉੱਘੇ ਗੀਤਕਾਰ ਜਸਬੀਰ ਸਿੰਘ ਗੁਣਾਚੌਰੀਆ ਨੂੰ




ਸਨਮਾਨਿਤ ਗਿਆ।
ਸਮਾਗਮ ਦੀ ਪ੍ਰਧਾਨਗੀ ਸੁਰਜੀਤ ਸਿੰਘ ਮਾਧੋਪੁਰੀ, ਪ੍ਰਿਤਪਾਲ ਸਿੰਘ ਗਿੱਲ, ਰਾਏ ਅਜ਼ੀਜ ਉਲ੍ਹਾ ਖ਼ਾਂ "ਗੰਗਾ ਸਾਗਰ ਵਾਲੇ", ਰਾਜਵੀਰ ਸਿੰਘ ਮਾਨ ਤੇ ਗਜ਼ਲਗੋ ਕਵਿੰਦਰ ਚਾਂਦ ਨੇ ਕੀਤੀ।ਮੰਚ ਸੰਚਾਲਨ ਸਕੱਤਰ ਪ੍ਰਿਤਪਾਲ ਸਿੰਘ ਗਿੱਲ ਨੇ ਕੀਤਾ। ਇਸ ਮੌਕੇ ਚਮਕੌਰ ਸਿੰਘ ਸੇਖੋਂ ਦੀ ਟੀਮ ਵੱਲੋਂ ਗੁਰਦੇਵ ਸਿੰਘ ਮਾਨ ਰਚਿਤ ਹੀਰ ਦੀ ਕਲੀ ਪੇਸ਼ ਕੀਤੀ ਗਈ। ਲੁਧਿਆਣਾ ਵੱਸਦੇ ਪ੍ਰਸਿੱਧ ਪੰਜਾਬੀ ਕਵੀ ਗੁਰਭਜਨ ਗਿੱਲ ਦੀ ਗ਼ਜ਼ਲ ਪੁਸਤਕ "ਅੱਖਰ-ਅੱਖਰ " ਨੂੰ ਰਾਏ ਅਜ਼ੀਜ਼ ਉਲ੍ਹਾ ਖ਼ਾਂ, ਡਾ. ਗੁਰਦੇਵ ਸਿੰਘ ਸਿੱਧੂ(ਮੋਹਾਲੀ) ਰਾਜਦੀਪ ਸਿੰਘ ਤੂਰ, ਕਰਮਜੀਤ ਸਿੰਘ ਗਰੇਵਾਲ(ਰਾਏਕੋਟ), ਕਵਿੰਦਰ ਚਾਂਦ, ਪ੍ਰਿਤਪਾਲ ਸਿੰਘ ਗਿੱਲ ਤੇ ਸੁਰਜੀਤ ਮਾਧੋਪੁਰੀ ਨੇ ਕੀਤਾ।
ਇਸ ਵੱਡ ਆਕਾਰੀ ਪੁਸਤਕ ਬਾਰੇ ਪਰਚਾ ਸ. ਕੁਲਦੀਪ ਸਿੰਘ ਗਿੱਲ (ਮਕਸੂਦੜਾ)ਵੱਲੋਂ ਪੜ੍ਹਿਆ ਗਿਆ। ਇਸ ਮੌਕੇ ਵਿਸ਼ਵ ਪ੍ਰਸਿੱਧ ਗੀਤਕਾਰ ਗੀਤਕਾਰ ਜਸਬੀਰ ਸਿੰਘ ਗੁਣਾਚੌਰੀਆ ਨੂੰ "ਗੁਰਦੇਵ ਸਿੰਘ ਮਾਨ ਯਾਦਗਾਰੀ ਐਵਾਰਡ" ਨਾਲ ਸਨਮਾਨਿਤ ਕੀਤਾ ਗਿਆ।
ਸ. ਗੁਰਦੇਵ ਸਿੰਘ ਮਾਨ ਸਾਹਿਬ ਦੇ ਸਪੁੱਤਰ ਰਾਜਵੀਰ ਸਿੰਘ ਮਾਨ ਨੂੰ ਸੰਸਥਾ ਵੱਲੋ ਸਮਾਗਮ ਵਿੱਚ ਪਹੁੰਚਣ ਲਈ ਖ਼ਾਸ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਭਾ ਵੱਲੋਂ ਸਰਪ੍ਰਸਤੀ ਲਈ ਬਲਦੇਵ ਸਿੰਘ ਬਾਠ (ਬਸੰਤ ਮੋਟਰਜ਼)ਅਤੇ ਸ. ਗੁਰਦੇਵ ਸਿੰਘ ਮਾਨ ਸਾਹਿਬ ਦੇ ਬੇਟੇ ਰਾਜਵੀਰ ਮਾਨ ਦਾ ਧੰਨਵਾਦ ਕੀਤਾ ਗਿਆ। ਅਦਾਰਾ ਰੇਡਿਓ ਰੈੱਡ ਐੱਫ.ਐੱਮ ਤੋਂ ਜਾਣੇ ਮਾਣੇ ਪੇਸ਼ਕਾਰ ਹਰਜਿੰਦਰ ਸਿੰਘ ਥਿੰਦ ਅਤੇ ਰੇਡੀਓ ਹੋਸਟ ਤੇ ਗੀਤਕਾਰ ਦਵਿੰਦਰ ਸਿੰਘ ਬੈਨੀਪਾਲ,ਸਪਤਾਹਿਕ ਅਖ਼ਬਾਰ 'ਦੇਸ ਪ੍ਰਦੇਸ' ਤੋਂ ਮੁੱਖ ਸੰਪਾਦਕ ਸੁਖਵਿੰਦਰ ਸਿੰਘ ਚੋਹਲਾ,ਰੇਡੀਓ ਅਤੇ ਟੀ.ਵੀ. ਹੋਸਟ ਪਾਲ ਵੜੈਚ ਨੇ ਵੀ ਸਮਾਗਮ ਵਿੱਚ ਹਾਜ਼ਰੀ ਲਗਵਾਈ।
ਅਮਰੀਕਾ ਦੇ ਸ਼ਹਿਰ ਸਿਆਟਲ ਤੋਂ ਪਹੁੰਚੇ ਮਸ਼ਹੂਰ ਗੀਤਕਾਰ ਅਤੇ ਗਾਇਕ ਬਲਬੀਰ ਸਿੰਘ ਲਹਿਰਾ ਨੇ ਆਪਣੇ ਚੋਣਵੇਂ ਗੀਤਾਂ ਨਾਲ ਅਤੇ ਗੀਤਕਾਰ ਅਲਬੇਲ ਬਰਾੜ ਨੇ ਆਪਣੇ ਗੀਤਾਂ ਦੀਆਂ ਵੰਨਗੀਆਂ ਨਾਲ ਇਸ ਪ੍ਰੋਗਰਾਮ ਵਿਚ ਰੌਣਕ ਲਾਈ ਅਤੇ ਪ੍ਰਬੰਧਕਾਂ ਦੀ ਗੁਰਦੇਵ ਸਿੰਘ ਮਾਨ ਸਾਹਿਬ ਯਾਦਗਾਰੀ ਸਮਾਗਮ ਲਈ ਸ਼ਲਾਘਾ ਕੀਤੀ।
ਸਮਾਗਮ ਵਿੱਚ ਰਾਮਗੜ੍ਹੀਆ ਕਾਲਿਜ ਫਗਵਾੜਾ ਦੇ ਸਾਬਕਾ ਪ੍ਰਿੰਸੀਪਲ ਪ੍ਰੋ: ਕਸ਼ਮੀਰਾ ਸਿੰਘ ਗਿੱਲ, ਬਿੱਕਰ ਸਿੰਘ ਖੋਸਾ, ਡਾ: ਗੁਰਦੇਵ ਸਿੰਘ ਸਿੱਧੂ ਮੋਹਾਲੀ, ਬਲਬੀਰ ਸਿੰਘ ਸੰਘਾ, ਦਰਸ਼ਨ ਸਿੰਘ ਸੰਘਾ, ਗੁਰਦੀਪ ਸਿੰਘ ਲਪ, ਹਰਚੰਦ ਸਿੰਘ ਗਿੱਲ, ਗੁਰਮੀਤ ਕਾਲਕਟ, ਦਵਿੰਦਰ ਕੌਰ ਜੌਹਲ,ਕਵਿੰਦਰ ਚਾਂਦ, ਇੰਦਰਜੀਤ ਸਿੰਘ ਧਾਮੀ, ਇੰਦਰਪਾਲ ਸਿੰਘ ਸੰਧੂ, ਦਵਿੰਦਰ ਕੌਰ, ਜਸਵੰਤ ਕੌਰ ਜੌਹਲ, ਬਲਿਹਾਰ ਸਿੰਘ ਲੇਲ੍ਹ (ਪੰਜਾਬੀ ਲਿਖਾਰੀ ਸਭਾ ਸਿਆਟਲ ਦੇ ਪ੍ਰਧਾਨ) ਬਲਬੀਰ ਲਹਿਰਾ (ਗਾਇਕ), ਗੁਰਬਚਨ ਸਿੰਘ ਬਰਾੜ, ਅਲਬੇਲਾ ਜੀ, ਕੁਲਦੀਪ ਸਿੰਘ ਗਿੱਲ, ਹਰਜਿੰਦਰ ਸਿੰਘ ਚੀਮਾ(ਠਾਣਾ)ਹਰਪਾਲ ਸਿੰਘ ਬਰਾੜ, ਰਾਏ ਅਜ਼ੀਜ ਉੱਲਾ ਖ਼ਾਨ, ਰਾਜਦੀਪ ਸਿੰਘ ਤੂਰ,ਕੇਸਰ ਸਿੰਘ ਕੂਨਰ, ਸੁੱਚਾ ਸਿੰਘ ਕਲੇਰ ਮੀਤ ਪ੍ਰਧਾਨ, ਕੈਨੇਡੀਅਨ ਕਲਚਰਲ ਅਸੋਸੀਏਸ਼ਨ, ਅਜਾਇਬ ਸਿੰਘ ਸਿੱਧੂ, ਗੁਰਮੀਤ ਸਿੰਘ ਸਿੱਧੂ, ਰੁਪਿੰਦਰ ਰੂਪੀ ਖਹਿਰਾ, ਦੇਸ਼ ਭਗਤ ਬਾਬਾ ਦੁੱਲਾ ਸਿੰਘ ਦੇ ਵਾਰਸ ਡਾ: ਹਰਮਿੰਦਰ ਸਿੰਘ ਸਿੱਧੂ (ਜਲਾਲੀਵਾਲ), ਮਨਜੀਤ ਸਿੰਘ, ਮਲਕੀਤ ਸਿੰਘ ਸਿੱਧੂ, ਦਰਸ਼ਨ ਸਿੰਘ ਸਿੱਧੂ, ਕਿਰਨ ਕੁਮਾਰ ਵਰਮਾ, ਸੰਤੋਖ ਸਿੰਘ, ਕਮਲਜੀਤ ਸਿੰਘ ਔਜਲਾ, ਬਲਵਿੰਦਰ ਸਿੰਘ ਬਸਾਤੀ, ਕਰਮਜੀਤ ਸਿੰਘ ਗਰੇਵਾਲ(ਰਾਏਕੋਟ ਵਾਲੇ) ਮਨਪ੍ਰੀਤ ਸਿੰਘ ਧਾਲੀਵਾਲ, ਪ੍ਰੋ. ਰਣਜੀਤ ਸਿੰਘ ਪੰਨੂ, ਖ਼ੁਸ਼ਹਾਲ ਸਿੰਘ ਗਲੇਟੀ, ਬਲਬੀਰ ਸਿੰਘ ਗਰਚਾ, ਜਿਲੇ ਸਿੰਘ, ਅਜੈਬ ਸਿੰਘ, ਮਨਜੀਤ ਸਿੰਘ ਮੱਲ੍ਹਾ, ਮੈਂਡੀ ਢੇਸਾ, ਨਾਹਲ ਢੇਸਾ, ਨਿਰਮਲ ਛੀਨਾ, ਕਰਮਜੀਤ ਸਿੰਘ, ਅਜ਼ੀਜ਼ ਲੱਧਾ, ਪ੍ਰਿਥਵੀ ਸਿੰਘ, ਬਲਜੀਤ ਝੱਜ, ਸਿਮਰਨ ਕੌਰ, ਕੁਲਦੀਪ ਸਿੰਘ ਜਗਪਾਲ, ਸੁਰਿੰਦਰ ਸਿੰਘ ਬਰਾੜ, ਕਮਲਜੀਤ ਸਿੰਘ ਔਜਲਾ, ਕਮਲਜੀਤ ਸਿੰਘ ਗਰੇਵਾਲ, ਮਨਪ੍ਰੀਤ ਸਿੰਘ ਧਾਲੀਵਾਲ ਅਤੇ ਸੋਹਣ ਢੇਸਾ ਸ਼ਾਮਿਲ ਸਨ। ਅੰਤ ਵਿੱਚ ਸਮਾਗਮ ਨੂੰ ਸਮੇਟਦਿਆਂ ਪ੍ਰਧਾਨ ਸੁਰਜੀਤ ਸਿੰਘ ਮਾਧਪੁਰੀ ਵੱਲੋਂ ਸੰਖੇਪ ਸ਼ਬਦਾਂ ਵਿੱਚ ਸਭ ਸੱਜਣਾਂ ਦਾ ਧੰਨਵਾਦ ਕੀਤਾ ਗਿਆ।

## "ਐਸਸੀ /ਬੀਸੀ ਅਧਿਆਪਕ ਯੂਨੀਅਨ ਦੀ ਮੀਟਿੰਗ ਆਯੋਜਿਤ" ਅਨੁਸੂਚਿਤ ਅਤੇ ਪਛੜੀਆਂ ਸ਼੍ਰੇਣੀਆਂ ਨਾਲ ਸੰਬੰਧਿਤ ਅਧਿਆਪਕਾਂ ਦੀ ਜਥੇਬੰਦੀ


ਮੁੱਲਾਂਪੁਰ 28 ਜੂਨ : ਐਸਸੀ/ਬੀਸੀ ਅਧਿਆਪਕ ਯੂਨੀਅਨ ਦੇ ਵੱਖ ਵੱਖ ਬਲਾਕਾਂ ਦੀ ਜਰੂਰੀ ਮੀਟਿੰਗ ਡਾਕਟਰ ਬੀ ਆਰ ਅੰਬੇਡਕਰ ਭਵਨ ਮੰਡੀ ਮੁੱਲਾਂਪੁਰ ਵਿਖੇ ਜਿਲਾ ਪ੍ਰਧਾਨ ਸ ਭੁਪਿੰਦਰ ਸਿੰਘ ਚੰਗਣਾ ਦੀ ਅਗਵਾਈ ਹੇਠ ਆਯੋਜਿਤ ਕੀਤੀ ਗਈ ਇਸ ਮੀਟਿੰਗ ਵਿੱਚ ਵੱਖ-ਵੱਖ ਬਲਾਕ ਪ੍ਰਧਾਨ ਅਧਿਆਪਕਾਂ ਅਤੇ ਜੁਝਾਰੂ ਮੈਂਬਰਾਂ ਨੇ ਸ਼ਮੂਲੀਅਤ ਕੀਤੀ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਹਿੱਤਾਂ ਸਬੰਧੀ ਵਿਚਾਰ ਵਟਾਂਦਰਾ ਕੀਤਾ । ਮੀਟਿੰਗ ਦੌਰਾਨ ਸਮੂਹ ਅਧਿਆਪਕਾਂ ਨੇ ਸਰਕਾਰ ਵੱਲੋਂ ਸਕੂਲਾਂ ਵਿੱਚ ਆਰਜੀ ਤੌਰ ਤੇ ਰੱਖੇ ਚੌਕੀਦਾਰਾਂ ਅਤੇ ਸਵੀਪਰਾਂ ਦੇ ਮਾਣਭੱਤੇ ਨੂੰ ਹਰ ਮਹੀਨੇ ਉਹਨਾਂ ਦੇ ਖਾਤਿਆਂ ਵਿੱਚ ਪਾਉਣ, ਲੈਕਚਰਾਰਾਂ ਦੀਆਂ ਖਤਮ ਕੀਤੀਆਂ ਵਿਸ਼ਾਵਾਰ ਅਸਾਮੀਆਂ ਨੂੰ ਬਹਾਲ



ਕਰਨ, ਪ੍ਰਿੰਸੀਪਲਾਂ, ਲੈਕਚਰਾਰਾਂ ,ਮਾਸਟਰ ਕੇਡਰ ਅਤੇ ਪ੍ਰਾਇਮਰੀ ਕੇਡਰ ਦੀਆਂ ਤਰੱਕੀਆਂ ਬਤੌਰ ਸੀਐਚਟੀ ਜਲਦ ਕਰਨ ਆਦਿ ਮੰਗਾਂ ਬਾਰੇ ਗੱਲਬਾਤ ਕੀਤੀ। ਜ਼ਿਲ੍ਹਾ ਪ੍ਰਧਾਨ ਚੰਗਣਾਂ ਨੇ ਮੀਟਿੰਗ ਵਿੱਚ ਸ਼ਾਮਿਲ ਆਗੂਆਂ ਨੂੰ ਹਰ ਮਹੀਨੇ ਬਲਾਕ ਪੱਧਰੀ ਮੀਟਿੰਗ ਕਰਨ ,ਬੀਪੀਈਓਜ ਨੂੰ ਮੰਗ ਪੱਤਰ ਦੇਣ ਅਤੇ ਅਧਿਆਪਕਾਂ ਦੇ ਕੇਡਰ ਕੈਂਪ ਲਗਾਉਣ ਸਬੰਧੀ ਸੰਬੋਧਨ ਕੀਤਾ ।ਇਸ ਮੌਕੇ ਤੇ ਜ਼ਿਲਾ ਕਮੇਟੀ ਮੈਂਬਰ ਮਾਸਟਰ ਰਣਜੀਤ ਸਿੰਘ ਹਠੂਰ, ਮਾਸਟਰ ਮਨੋਹਰ ਸਿੰਘ ਦਾਖਾ, ਅਤੇ ਵੱਖ ਵੱਖ ਬਲਾਕਾਂ ਤੋਂ ਹਰਭਿੰਦਰ ਸਿੰਘ ਮੁੱਲਾਂਪੁਰ, ਬਲਦੇਵ ਸਿੰਘ ਮੁੱਲਾਂਪੁਰ, ਬਲੌਰ ਸਿੰਘ ਮੰਡਿਆਣੀ ,ਹਰਬੰਸ ਸਿੰਘ ਜੰਡੀ, ਅਸ਼ਵਨੀ ਕੁਮਾਰ, ਅੰਮ੍ਰਿਤ ਪਾਲ ਸਿੰਘ ਅਜਮੇਰ ਸਿੰਘ ,ਮਾਸਟਰ ਮੇਜਰ ਸਿੰਘ ਅਤੇ ਹੋਰ ਅਧਿਆਪਕ ਹਾਜ਼ਰ ਸਨ।

# ਗ਼ਲਤੀਆਂ ਅਤੇ ਗੁਨਾਹ

ਵਰਲਡ ਪੰਜਾਬੀ ਟਾਈਮਜ਼
ਪਰਵੀਨ ਕੌਰ ਸਿੱਧੂ




ਜ਼ਿੰਦਗੀ ਵਿੱਚ ਗ਼ਲਤੀਆਂ ਸਾਰੇ ਹੀ ਕਰਦੇ ਹਨ। ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇ ਜਿਸ ਨੇ ਕਦੀ ਗ਼ਲਤੀ ਨਾ ਕੀਤੀ ਹੋਵੇ। ਜੇ ਇਵੇਂ ਕਹਿ ਲਈਏ ਕਿ ਇਨਸਾਨ ਗ਼ਲਤੀਆਂ ਦਾ ਪੁਤਲਾ ਹੈ, ਤਾਂ ਠੀਕ ਹੀ ਹੋਵੇਗਾ। ਗ਼ਲਤੀ ਕਰਕੇ ਉਸ ਤੋਂ ਸਿੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ, ਪਰ ਜੇਕਰ ਅਸੀਂ ਵਾਰ-ਵਾਰ ਗ਼ਲਤੀਆਂ ਕਰੀ ਜਾਵਾਂਗੇ ਤਾਂ ਉਹ ਕਈ ਵਾਰ ਗੁਨਾਹ ਵੀ ਬਣ ਜਾਂਦਾ ਹੈ। ਗ਼ਲਤੀ ਸਾਡੇ ਕੋਲ਼ ਅਚਾਨਕ ਹੀ ਹੋ ਜਾਂਦੀ ਹੈ। ਇਹ ਮਨਸਾ ਨਹੀਂ ਹੁੰਦੀ ਕਿ ਗ਼ਲਤੀ ਹੀ ਕਰਨੀ ਹੈ। ਜਦੋਂ ਕਦੇ ਅਚਾਨਕ ਕੋਈ ਕੰਮ ਖ਼ਰਾਬ ਹੋਵੇ ਜਾਂ ਕਿਸੇ ਦਾ ਨੁਕਸਾਨ ਹੋ ਜਾਵੇ ਤਾਂ ਉਸ ਨੂੰ ਗ਼ਲਤੀ ਕਿਹਾ ਜਾ ਸਕਦਾ ਹੈ। ਉਹ ਵੀ ਕਦੀ ਕਿਤੇ ਗ਼ਲਤੀ ਨਾਲ਼ ਕਿਸੇ ਨੂੰ ਦੁੱਖ ਪਹੁੰਚਾਇਆ ਜਾ ਸਕਦਾ ਹੈ, ਪਰ ਜੇਕਰ ਲਗਾਤਾਰ ਦੁੱਖ ਪਹੁੰਚਾ ਰਹੇ ਹੋ ਜਾਂ ਨੁਕਸਾਨ ਕਰ ਰਹੇ ਹੋਈਏ.. ਤਾਂ ਉਸ ਨੂੰ ਗੁਨਾਹ ਕਿਹਾ ਜਾ ਸਕਦਾ ਹੈ। ਗ਼ਲਤੀ ਅਚਾਨਕ ਹੋ ਜਾਂਦੀ ਹੈ ਅਤੇ ਗੁਨਾਹ ਅਸੀਂ ਸੋਚਦੇ ਸਮਝਦੇ ਹੋਏ ਵੀ ਕਰਦੇ ਹਾਂ। ਜਿਸ ਨਾਲ ਵਧੀਕੀ ਹੋਣ ਵਾਲੀ ਹੁੰਦੀ ਹੈ ਉਸ ਵਿਚਾਰੇ ਨੂੰ ਪਤਾ ਵੀ ਨਹੀਂ ਹੁੰਦਾ ਕਿੰਨਾ ਨੁਕਸਾਨ ਹੋਣ ਵਾਲਾ ਹੈ?

ਗੁਨਾਹ ਕਰਨ ਵਾਲਾ ਵਿਅਕਤੀ ਆਪਣੀ ਗ਼ਲਤੀ ਤੋਂ ਵਾਕਿਫ਼ ਹੁੰਦਾ ਹੈ। ਉਸ ਨੂੰ ਪਤਾ ਹੁੰਦਾ ਹੈ ਕਿ ਉਹ ਕਿਸੇ ਦਾ ਨੁਕਸਾਨ ਕਰ ਰਿਹਾ ਹੈ, ਪਰ ਆਪਣੇ ਆਪ ਉੱਤੇ ਸਵੈ-ਕਾਬੂ ਦੀ ਘਾਟ ਕਾਰਨ ਰੁਕਦਾ ਨਹੀਂ ਹੈ ਜਾਂ ਇਵੇਂ ਵੀ ਕਿਹਾ ਜਾ ਸਕਦਾ ਹੈ ਕਿ ਉਸ ਦੀ ਅੰਦਰਲੀ ਮਨਸਾ ਬੁਰੀ ਹੁੰਦੀ ਹੈ। ਉਸ ਦਾ ਮਾਨਸਿਕ ਵਿਕਾਸ ਏਨਾ ਨਹੀਂ ਹੋਇਆ ਹੁੰਦਾ ਕਿ ਉਹ ਕਿਸੇ ਦਾ ਨੁਕਸਾਨ ਨਾ ਕਰੇ। ਸਗੋਂ ਉਸਨੂੰ ਨੁਕਸਾਨ ਕਰਕੇ ਮਾਨਸਿਕ ਖੁਸ਼ੀ ਮਿਲਦੀ ਹੈ। ਸਾਡੇ ਚੰਗੇ ਮੰਦੇ ਕਰਮਾਂ ਦਾ ਸਬੰਧ ਸਾਡੇ ਮਨ ਦੇ ਨਾਲ਼ ਬਹੁਤ ਗਹਿਰਾ ਹੁੰਦਾ ਹੈ। ਜਿਹੋ ਜਿਹੀ ਸੋਚ ਵਿਚਾਰ ਸਾਡੇ ਮਨ ਦੇ ਵਿੱਚ ਹੋਵੇਗੀ ਸਾਡੇ ਕਾਰ ਵਿਹਾਰ ਵੀ ਉਹੋ ਜਿਹੇ ਹੀ ਹੁੰਦੇ ਹਨ। ਚੰਗੀ ਸੋਚ ਵਾਲਾ ਅਤੇ ਚੰਗੇ ਸੰਸਕਾਰਾਂ ਵਿੱਚ ਪਲਿਆ ਹੋਇਆ ਇਨਸਾਨ ਕਦੀ ਵੀ ਕਿਸੇ ਦਾ ਨੁਕਸਾਨ ਨਹੀਂ ਕਰ ਸਕੇਗਾ। ਉਸ ਕੋਲੋਂ ਗ਼ਲਤੀ ਅਚਾਨਕ ਹੋ ਸਕਦੀ ਹੈ, ਪਰ ਉਹ ਕਿਸੇ ਨੂੰ ਸੋਚ ਸਮਝ ਕੇ ਕਿਸੇ ਸਾਜਿਸ਼ ਦੇ ਤਹਿਤ ਨੁਕਸਾਨ ਨਹੀਂ ਪਹੁੰਚਾ ਸਕਦਾ।

ਜ਼ਿੰਦਗੀ ਵਿੱਚ ਅਸੀਂ ਤਕਰੀਬਨ ਨਿੱਕੀਆਂ-ਨਿੱਕੀਆਂ ਗ਼ਲਤੀਆਂ ਤਾਂ ਕਰਦੇ ਹੀ ਰਹਿੰਦੇ ਹਾਂ, ਪਰ ਮੰਨਣ ਲਈ ਕਦੀ ਵੀ ਤਿਆਰ ਨਹੀਂ ਹੁੰਦੇ ਜਾਂ ਫਿਰ ਬਹੁਤ ਘੱਟ ਅਜਿਹੇ ਦਰਿਆ ਦਿਲ ਲੋਕ ਹੁੰਦੇ ਹਨ, ਜੋ ਵਕਤ ਰਹਿੰਦਿਆਂ ਹੀ ਗ਼ਲਤੀ ਮੰਨ ਕੇ ਸੁਧਾਰ ਕਰਨ ਲਈ ਰਾਜ਼ੀ ਹੋ ਜਾਂਦੇ ਹਨ। ਜ਼ਿਆਦਾਤਰ ਇਨਸਾਨੀ ਫ਼ਿਤਰਤ ਇਹ ਹੁੰਦੀ ਹੈ ਕਿ ਉਹ ਆਪਣੀ ਗ਼ਲਤੀ ਦਾ ਦੋਸ਼ ਦੂਸਰੇ ਉੱਤੇ ਲਗਾ ਕੇ ਆਪ ਸੁਰਖਰੂ ਹੋ ਜਾਣਾ ਬੇਹਤਰ ਸਮਝਦੇ ਹਨ। ਗ਼ਲਤੀ ਨੂੰ ਗ਼ਲਤੀ ਹੀ ਰਹਿਣ ਦਿੱਤਾ ਜਾਵੇ ਤਾਂ ਸਹੀ ਹੈ। ਜਦੋਂ ਅਸੀਂ ਵਾਰ-ਵਾਰ ਬਾਜ਼ ਨਹੀਂ ਆਉਂਦੇ ਅਤੇ ਜਾਣਦੇ ਬੁੱਝਦੇ ਹੋਏ ਵੀ ਆਪਣੀ ਗ਼ਲਤੀਆਂ ਕਰਨ ਦੀ ਆਦਤ ਦੇ ਆਦੀ ਹੋ ਜਾਂਦੇ ਹਾਂ, ਤਾਂ ਉਹ ਗੁਨਾਹ ਬਣ ਜਾਂਦਾ ਹੈ। ਫਿਰ ਗੁਨਾਹ ਸਭ ਸਾਹਮਣੇ ਜੱਗ ਜ਼ਾਹਰ ਵੀ ਹੁੰਦੇ ਹਨ, ਪਰ ਕਈ ਵਾਰ ਗੁਨਾਹ ਏਨੀ ਦੇਰ ਨਾਲ਼ ਸਾਬਤ ਹੁੰਦੇ ਹਨ ਕਿ ਸਾਹਮਣੇ ਵਾਲੇ ਵਿਅਕਤੀ ਦੀ ਪੂਰੀ ਜ਼ਿੰਦਗੀ ਖ਼ਰਾਬ ਹੋ ਚੁੱਕੀ ਹੁੰਦੀ ਹੈ।

ਕੋਈ ਵਿਅਕਤੀ ਸ਼ੁਰੂ ਤੋਂ ਹੀ ਪੂਰਾ ਨਹੀਂ ਹੁੰਦਾ। ਹੌਲੀ-ਹੌਲੀ, ਜ਼ਿੰਦਗੀ ਵਿੱਚ ਸਿੱਖਦਿਆ-ਸਿੱਖਦਿਆ ਹੀ ਸਿੱਖਿਅਕ ਬਣਿਆ ਜਾਂਦਾ ਹੈ। ਅਸੀਂ ਸਾਰੇ ਇੱਕ ਦੂਸਰੇ ਦੇ ਬਿਨਾਂ ਅਧੂਰੇ ਹਾਂ। ਗ਼ਲਤੀ ਕਰਨ ਦੀ ਖੁੱਲ੍ਹ ਤਾਂ ਅਸੀਂ ਚਾਹੁੰਦੇ ਹਾਂ, ਪਰ ਆਪ ਕਿਸੇ ਦੀ ਗ਼ਲਤੀ ਬਰਦਾਸ਼ਤ ਨਹੀਂ ਕਰਦੇ। ਆਪਣੀ ਗ਼ਲਤੀ ਨੂੰ ਤਾਂ ਅਸੀਂ ਚਾਹੁੰਦੇ ਹਾਂ ਕਿ ਅਗਲਾ ਮਾਫ਼ ਕਰ ਦੇਵੇ.. ਪਰ ਮਨ ਆਪਣੇ ਨੂੰ ਏਨਾ ਵੱਡਾ ਨਹੀਂ ਰੱਖਦੇ ਕਿ ਅਸੀਂ ਕਿਸੇ ਦੂਸਰੇ ਦੀ ਗ਼ਲਤੀ ਨੂੰ ਵੀ ਮੁਆਫ਼ ਕਰ ਸਕੀਏ। ਅਸੀਂ ਨਿੱਤ ਦੇ ਜੀਵਨ ਵਿੱਚ ਨਿੱਕੇ-ਨਿੱਕੇ ਰੋਸੇ ਅਤੇ ਸਾੜਿਆ ਕਾਰਨ ਹੀ ਗ਼ਲਤੀਆਂ ਅਤੇ ਵਿਤਕਰੇ ਕਰੀ ਜਾਂਦੇ ਹਾਂ। ਇਨਸਾਨ ਹਮੇਸ਼ਾ ਤੋਂ ਹੀ ਆਪਣੇ ਆਪ ਨੂੰ ਸੱਚਾ ਅਤੇ ਦੁੱਧ ਧੋਤਾ ਮੰਨਦਾ ਆਇਆ ਹੈ। ਸਭ ਨੂੰ ਪਤਾ ਹੈ ਕਿ ਅਸੀਂ ਇੱਕ ਨਾ ਇੱਕ ਦਿਨ ਇੱਥੋਂ ਜਾਣਾ ਹੈ। ਆਪਣੇ ਨਾਲ਼ ਕੁਝ ਵੀ ਨਹੀਂ ਲੈ ਕੇ ਜਾਣਾ ਹੈ, ਪਰ ਸਾਰੀ ਉਮਰ ਲੰਘ ਜਾਂਦੀ ਹੈ, ਇਹ ਨਿੱਕੀ ਜਿਹੀ ਗੱਲ ਪੱਲੇ ਫਿਰ ਵੀ ਨਹੀਂ ਪੈਂਦੀ ਹੈ। ਬਾਅਦ ਵਿੱਚ ਪਛਤਾਵਾ ਭਾਵੇਂ ਦੁੱਗਣਾ ਕਰ ਲਈਏ, ਪਰ ਗ਼ਲਤੀ ਕਰਨ ਤੋਂ ਬਾਜ਼ ਘੱਟ ਹੀ ਆਉਂਦੇ ਹਾਂ। ਜ਼ਿਆਦਾਤਰ ਆਪਣੀ ਗ਼ਲਤੀ ਨੂੰ ਸਵੀਕਾਰ ਨਹੀਂ ਕਰਦੇ ਅਤੇ ਇਸੇ ਕਰਕੇ ਉਹ ਮਾਨਸਿਕ ਦਬਾਅ ਵਿੱਚ ਵੀ ਰਹਿੰਦੇ ਹਨ।


ਬੱਚਿਆਂ ਨੂੰ ਪਿਆਰ ਅਤੇ ਦੁਲਾਰ ਖ਼ੂਬ ਕਰੋ, ਪਰ ਕਦੀ ਵੀ ਨਿੱਕੀ ਜਿਹੀ ਗ਼ਲਤੀ ਵੀ ਨਜ਼ਰ ਅੰਦਾਜ਼ ਨਾ ਕਰੋ। ਜ਼ਰੂਰੀ ਨਹੀਂ ਗ਼ਲਤੀ ਹੋਣ ਉੱਤੇ ਝਿੜਕਣਾ ਜਾਂ ਮਾਰਨਾ ਹੀ ਹੁੰਦਾ ਹੈ। ਕੋਲ਼ ਬਿਠਾ ਕੇ ਪਿਆਰ ਨਾਲ਼ ਸਮਝਾਇਆ ਵੀ ਜਾ ਸਕਦਾ ਹੈ। ਬਹੁਤੀਆਂ ਮੁਸ਼ਕਲਾ ਅਤੇ ਬਖੇੜੇ ਅਸਾਨੀ ਨਾਲ਼ ਹੱਲ ਹੋ ਸਕਦੇ ਹਨ, ਪਰ ਸਾਡੀ ਹਉਮੈਂ ਕਾਰਨ ਇਹ ਨਿੱਕੇ-ਨਿੱਕੇ ਮਸਲੇ ਲਮਕਾ ਕੇ ਵੱਡੇ-ਵੱਡੇ ਗੁਨਾਹ ਬਣਾ ਲੈਂਦੇ ਹਾਂ। ਜ਼ਿਆਦਾਤਰ ਗੁਨਾਹਾਂ ਵਿੱਚ ਦੇਖਿਆ ਗਿਆ ਹੈ ਕਿ ਗੱਲ ਕੋਈ ਬਹੁਤੀ ਵੱਡੀ ਨਹੀਂ ਹੁੰਦੀ। ਅਸੀਂ ਗੱਲਾਂ ਨੂੰ ਕਰ-ਕਰ ਕੇ ਉਹਨਾਂ ਨਾਲ਼ ਦੋ-ਦੋ, ਚਾਰ-ਚਾਰ ਸ਼ਬਦ ਲਾ ਕੇ ਗੱਲ ਨੂੰ ਏਡੀ ਵੱਡੀ ਬਣਾ ਦਿੰਦੇ ਹਾਂ ਕਿ ਇਨਸਾਨ ਦੀ ਬਰਦਾਸ਼ਤ ਕਰਨ ਦੀ ਹੱਦ ਖ਼ਤਮ ਹੋ ਜਾਂਦੀ ਹੈ ਅਤੇ ਉਸ ਦੀ ਗ਼ਲਤੀ ਗੁਨਾਹ ਵਿੱਚ ਸਹਿਜੇ ਹੀ ਬਦਲ ਜਾਂਦੀ ਹੈ।

ਜੇਕਰ ਕਿਸੇ ਕੋਲੋਂ ਗ਼ਲਤੀ ਹੋ ਵੀ ਜਾਵੇ ਤਾਂ ਵਾਰ-ਵਾਰ ਦੁਹਰਾਇਆ ਨਾ ਜਾਵੇ। ਬਲਕਿ ਉਸ ਦਾ ਸੁਧਾਰ ਕਿਵੇਂ ਕੀਤਾ ਜਾਵੇ। ਇਸ ਬਾਰੇ ਸੋਚਣਾ ਚਾਹੀਦਾ ਹੈ। ਇਵੇਂ ਹੀ ਕਿਸੇ ਦੂਸਰੇ ਦੀਆਂ ਕਮੀਆਂ ਬਾਰੇ ਤਾਂ ਖ਼ੂਬ ਰੌਲ਼ਾ ਪਾਉਂਦੇ ਹਾਂ, ਪਰ ਆਪਣੀਆ ਕਮੀਆਂ ਹਮੇਸ਼ਾ ਛੁਪਾਉਂਦੇ ਹਾਂ। ਨਿੱਕੇ-ਨਿੱਕੇ ਰੋਸਿਆਂ ਨੂੰ ਸਮਾਂ ਰਹਿੰਦਿਆ ਹੀ ਮਿਟਾ ਲੈਣਾ ਚਾਹੀਦਾ ਹੈ। ਇਨਸਾਨ ਦਾ ਮਨ ਕਦੀ-ਕਦੀ ਬੇਲਗਾਮ ਘੋੜੇ ਵਾਂਗ ਦੌੜਦਾ ਹੈ ਇਸ ਵਿੱਚ ਕਿਹੜੇ ਵੇਲੇ ਕਿਹੜੀ ਗੱਲ ਆ ਜਾਣੀ ਹੈ.. ਅੱਖ ਝਪਕਣ ਦੀ ਦੇਰ ਹੁੰਦੀ ਹੈ.. ਪਤਾ ਹੀ ਨਹੀਂ ਲੱਗਦਾ।

ਮੇਰਾ ਵਾਹ ਅਕਸਰ ਵਿਦਿਆਰਥੀਆਂ ਨਾਲ਼ ਪੈਂਦਾ ਹੈ। ਮੈਂ ਮਹਿਸੂਸ ਕੀਤਾ ਹੈ ਕਿ ਕਈ ਵਾਰ ਨਿਆਣਪੁਣੇ ਵਿੱਚ ਕੀਤੀ ਗ਼ਲਤੀ ਏਨੀ ਵੱਡੀ ਨਹੀਂ ਹੁੰਦੀ.. ਜਿੰਨੀ ਉਹਨਾਂ ਨੂੰ ਸਜ਼ਾ ਮਿਲ ਜਾਂਦੀ ਹੈ। ਸਾਡੇ ਵਰਗੇ ਆਪਣੇ ਆਪ ਨੂੰ ਸਿਆਣੇ ਸਮਝਣ ਵਾਲੇ ਹਲੀਮੀ ਤੋਂ ਕੰਮ ਨਹੀਂ ਲੈਂਦੇ। ਸਗੋਂ ਇੱਕ ਗੱਲ ਨਾਲ਼ ਦੋ ਹੋਰ ਲਗਾ ਕੇ ਦਸਦੇ ਹਨ। ਮਾੜੀ ਜਿਹੀ ਗ਼ਲਤੀ ਨੂੰ ਚੰਗਾ ਵੱਡਾ ਗੁਨਾਹ ਬਣਾ ਕੇ ਪੇਸ਼ ਕੀਤਾ ਜਾਂਦਾ ਹੈ। ਬੱਚੇ ਨੇ ਜਦੋਂ ਗ਼ਲਤੀ ਨਾ ਕੀਤੀ ਹੋਵੇ ਤੇ ਉਸਨੂੰ ਸਜ਼ਾ ਮਿਲ ਜਾਵੇ ਜਾਂ ਗ਼ਲਤੀ ਥੋੜ੍ਹੀ ਹੋਵੇ ਅਤੇ ਸਜ਼ਾ ਵੱਡੀ ਮਿਲ ਜਾਵੇ ਤਾਂ ਉਸ ਦੇ ਮਨ ਉੱਪਰ ਇਸ ਚੀਜ਼ ਦਾ ਕਈ ਵਾਰ ਬਹੁਤ ਗਹਿਰਾ ਅਸਰ ਹੁੰਦਾ ਹੈ। ਉਸਦੇ ਅੰਦਰ ਬਦਲੇ ਦੀ ਭਾਵਨਾ ਆ ਜਾਂਦੀ ਹੈ ਅਤੇ ਇਹੀ ਬਦਲੇ ਦੀ ਭਾਵਨਾ ਇਨਾ ਭਿਆਨਕ ਰੂਪ ਅਖ਼ਤਿਆਰ ਕਰ ਜਾਂਦੀ ਹੈ ਕਿ ਬੱਚਾ ਗੁਨਾਹ ਦੇ ਰਾਹ ਉੱਪਰ ਤੁਰ ਪੈਂਦਾ ਹੈ।

ਸੋ ਸਾਨੂੰ ਆਪਣੀਆਂ ਵੀ ਅਤੇ ਦੂਸਰਿਆਂ ਦੀਆਂ ਗ਼ਲਤੀਆਂ ਨੂੰ ਵੀ ਸਮੇਂ ਸਿਰ ਸੁਧਾਰਨ ਦੀ ਜ਼ਰੂਰਤ ਹੈ। ਆਪ ਮੁਆਫ਼ੀ ਮੰਗਣ ਦੀ ਜਾਂਚ ਵੀ ਆਉਣੀ ਚਾਹੀਦੀ ਹੈ ਅਤੇ ਮੁਆਫ਼ ਕਰਨ ਦਾ ਜਿਗਰਾ ਵੀ ਰੱਖਣਾ ਚਾਹੀਦਾ ਹੈ। ਇਹ ਨਾ ਹੋਵੇ ਕਿ ਇਹ ਨਿੱਕੀਆਂ-ਨਿੱਕੀਆਂ ਗ਼ਲਤੀਆਂ ਇੱਕ ਦਿਨ ਗੁਨਾਹ ਬਣ ਕੇ ਸਾਡੇ ਸਾਹਮਣੇ ਆਉਣ। ਸਮਾਜ ਵਿੱਚ ਕੋਈ ਵੀ ਨਵੀਂ ਲੀਹ ਪਾਉਣ ਲਈ ਸਮਾਂ ਵੀ ਲਗਦਾ ਹੈ ਅਤੇ ਸੋਚ ਨੂੰ ਸਕਾਰਾਤਮਕ ਵੀ ਕਰਨਾ ਪੈਂਦਾ ਹੈ। ਕਿਸੇ ਦੀ ਵੀ ਗ਼ਲਤੀ ਨੂੰ ਗੁਨਾਹ ਬਣਨ ਤੋਂ ਰੋਕਣ ਲਈ ਸਮਾਂ ਰਹਿੰਦਿਆਂ ਹੀ ਕਾਰਜ ਕਰਨਾ ਜ਼ਰੂਰੀ ਹੈ। ਜ਼ਿੰਦਗੀ ਵਿੱਚ ਗਲ਼ਤੀਆਂ ਦੀ ਗੁੰਜਾਇਸ਼ ਰੱਖੋ ਅਤੇ ਫਿਰ ਉਹਨਾਂ ਨੂੰ ਸੁਧਾਰਨ ਦੇ ਯਤਨ ਵੀ ਜ਼ਰੂਰੀ ਹਨ। ਗ਼ਲਤੀਆਂ ਨੂੰ ਗਲਤੀ ਤੱਕ ਹੀ ਸੀਮਤ ਰੱਖਿਆ ਜਾਵੇ ਤਾਂ ਕਿ ਉਹ ਗੁਨਾਹਾਂ ਤੱਕ ਨਾ ਪਹੁੰਚ ਸਕੇ। ਜ਼ਿੰਦਗੀ ਨੂੰ ਵਧੀਆ ਤਰੀਕੇ ਨਾਲ਼ ਜਿਊਣ ਲਈ ਆਪਣੇ ਆਪ ਵਿੱਚ ਲਗਾਤਾਰ ਸੁਧਾਰਾਂ ਦੀ ਵੀ ਜ਼ਰੂਰਤ ਹੁੰਦੀ ਹੈ। ਹੱਸਦੇ ਵੱਸਦੇ ਰਹੋ, ਜ਼ਿੰਦਗੀ ਨੂੰ ਖ਼ੂਬਸੂਰਤ ਤਰੀਕੇ ਨਾਲ ਜੀਣ ਦੀ ਚਾਹ ਰੱਖੋ ਪਿਆਰਿਓ...!

# ਗਜ਼ਲ



ਕੀ ਕਰਨੇ ਨੇ ਅੱਧ ਪਚੱਧੇ ਚੂਪੇ ਹੋਏ ਅੰਬ,
ਬੁੱਲਾਂ ਉੱਪਰ ਪਾਉਂਦੇ ਧੱਬੇ ਚੂਪੇ ਹੋਏ ਅੰਬ।

ਫਿਰ ਵੀ ਤਕ ਕੇ ਮੂੰਹ ਦੇ ਵਿੱਚੋਂ ਆ ਜਾਂਦਾ ਹੈ ਪਾਣੀ,
ਕਿਸ ਨੇ ਸੁੱਟੇ ਸੱਜੇ ਖੱਬੇ ਚੂਪੇ ਹੋਏ ਅੰਬ।

ਖਵਰੇ ਕਿਸ ਨੇ ਮਸਲੇ ਨੇ ਬੇਰਹਿਮੀ ਦੇ ਨਾਲ,
ਬਿਲਕੁਲ ਗਦਰੇ ਐਪਰ ਲੱਗੇ ਚੂਪੇ ਹੋਏ ਅੰਬ।

ਨਿਰਧਨ ਬੱਚਿਆਂ ਕੂੜੇ ਉੱਤੋਂ ਚੁੱਕ ਕੇ ਚੂਸੇ ਨੇ,
ਕੁਝ ਕੁਝ ਬਗਲੇ ਕੁਝ ਕੁਝ ਖੱਟੇ ਚੂਪੇ ਹੋਏ ਅੰਬ।

ਰੇਲ ਅਧਿਕਾਰੀ ਖੋਲ੍ਹ ਕੇ ਬਿਲਟੀ ਰੱਜ ਕੇ ਵਿੱਚੋਂ ਖਾ ਗਏ,
ਜਜ਼ਮਾਨਾਂ ਨੇ ਸੀਜੋ ਘੱਲੇ ਚੂਪੇ ਹੋਏ ਅੰਬ।

ਅੰਤਿਮ ਪੈਗ ਦੇ ਨਾਲ ਸਾਕੀ ਨੇ ਚੁੱਪ ਚੁਪੀਤੀ ਰੱਖੇ,
ਮਹਿਫਲ ਦੇ ਵਿੱਚ ਸਾਰੇ ਚੱਲੇ ਚੂਪੇ ਹੋਏ ਅੰਬ।

ਟੁੱਟ ਕੇ ਪੈ ਗਏ ਨਿਰਧਨ ਬੱਚੇ ਵਿਆਹ ਸਮਾਗਮ ਪਿੱਛੋਂ,
ਏਨੇ ਸਾਰੇ ਬੱਲੇ ਬੱਲੇ ਚੂਪੇ ਹੋਏ ਅੰਬ।

ਫੁੱਲਦਾਰ ਪਲੇਟਾਂ ਦੇ ਵਿੱਚ ਚਿੱਤਰਕਾਰੀ ਵਾਂਗੂੰ,
ਸਹਿਜ ਸਲੀਕੇ ਦੇ ਨਾਲ ਫੱਬੇ ਚੂਪੇ ਹੋਏ ਅੰਬ।

ਬੱਚਿਆਂ ਨੇ ਜੋ ਅਦ ਪਚੱਦੇ ਵਿੱਚ ਹੀ ਛੱਡ ਦਿੱਤੇ,
ਬੁੱਢਿਆਂ ਦੇ ਸੀ ਪੈ ਗਏ ਪੱਲੇ ਚੂਪੇ ਹੋਏ ਅੰਬ।

ਸੋਨ ਸੁਨੱਖੇ ਤੇ ਸਿੰਧੂਰੀ ਲੋਕੀਂ ਸਾਰੇ ਲੈ ਗਏ,
ਸਾਰੇ ਸਾਡੇ ਪੈ ਗਏ ਪੱਲੇ ਚੂਪੇ ਹੋਏ ਅੰਬ।

ਕੂੜੇ ਕਰਕਟ ਦੇ ਢੇਰਾਂ ਵਿੱਚ ਥੈਲਾ ਭਰ ਕੇ ਸੁੱਟੇ,
ਨਿਰਧਨ ਬੱਚਿਆਂ ਨੇ ਜਾ ਕੇ ਮੱਲੇ ਚੂਪੇ ਹੋਏ ਅੰਬ।

ਮੁਫ਼ਤੋ ਮੁਫ਼ਤ 'ਚ ਲੈ ਜਾਉ ਸਾਰੇ ਜਿੰਨ੍ਹੇ-ਜਿੰਨ੍ਹੇ ਖੜ੍ਹਨੇਂ,
ਲੈ ਗਏ ਲੋਕੀਂ ਮਾਰ ਕੇ ਹੱਲੇ ਚੂਪੇ ਹੋਏ ਅੰਬ।

ਹੋਰਾਂ ਨਾਲ ਯਾਰਾਨੇ ਪਾ ਕੇ ਸੱਜਣ ਕਿਧਰੇ ਬਹਿ ਗਏ,
ਬਾਲਮ ਨੂੰ ਸੌਗਾਤ 'ਚ ਘੱਲੇ ਚੂਪੇ ਹੋਏ ਅੰਬ।

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ

# ਮੰਮੀ ਮੈਨੂੰ ਪਤਾ ਹੈ...

ਵਰਲਡ ਪੰਜਾਬੀ ਟਾਈਮਜ਼
ਮੂਲ ਲੇਖਕ - ਰਾਜੇਸ਼ ਕਦਮ
ਅਨੁਵਾਦ - ਪ੍ਰੋ. ਨਵ ਸੰਗੀਤ ਸਿੰਘ



"ਨੀਲੂ ਬੇਟਾ, ਲੈ ਦੁੱਧ ਪੀ ਲੈ।" ਸੁਮਨ ਨੇ ਨੀਲਿਮਾ ਨੂੰ ਪਿਆਰ ਨਾਲ ਪੁਚਕਾਰਦੇ ਹੋਏ ਕਿਹਾ।

"ਨਹੀਂ ਮੰਮਾ, ਮੈਂ ਅੱਜ ਦੁੱਧ ਨਹੀਂ ਪੀਵਾਂਗੀ।" ਨੀਲਿਮਾ ਨੇ ਜ਼ਬਰਦਸਤੀ ਸੁਮਨ ਦਾ ਹੱਥ ਪਰੇ ਧੱਕ ਦਿੱਤਾ।

"ਨੀਲੂ ਬੇਟਾ, ਜ਼ਿੱਦ ਨਾ ਕਰ, ਚੁੱਪਚਾਪ ਦੁੱਧ ਪੀ ਕੇ ਸੌਂ ਜਾ, ਸਵੇਰੇ ਸਕੂਲ ਜਾਣਾ ਹੈ।" ਸੁਮਨ ਨੇ ਨੀਲਿਮਾ ਨੂੰ ਹਲਕਾ ਜਿਹਾ ਝਿੜਕਦੇ ਹੋਏ ਕਿਹਾ।

"ਨਹੀਂ ਮੰਮਾ ਨਹੀਂ, ਪਲੀਜ਼, ਮੈਨੂੰ ਫ੍ਰੋਸ ਨਾ ਕਰੋ, ਨਹੀਂ ਤਾਂ ਮੈਂ ਰੋ ਪਵਾਂਗੀ। ਅੱਜ ਮੈਨੂੰ ਪਾਪਾ ਦੀ ਬਹੁਤ ਯਾਦ ਆ ਰਹੀ ਹੈ।" ਇਹ ਕਹਿ ਕੇ ਨੀਲਿਮਾ ਸੱਚਮੁੱਚ ਰੋਣ ਲੱਗ ਪਈ। ਕਾਫੀ ਦੇਰ ਤੱਕ ਨੀਲਿਮਾ ਸਿਰਹਾਣੇ ਨੂੰ ਦੋਹਾਂ ਹੱਥਾਂ ਵਿੱਚ ਘੁੱਟ ਕੇ ਰੋਂਦੀ ਰਹੀ।

ਨੀਲਿਮਾ ਨੂੰ ਇਸ ਤਰ੍ਹਾਂ ਰੋਂਦੇ ਦੇਖ ਕੇ ਸੁਮਨ ਦਾ ਦਿਲ ਵੀ ਘਬਰਾ ਗਿਆ। ਉਸ ਨੇ ਦੁੱਧ ਦਾ ਗਿਲਾਸ ਢਕ ਕੇ ਨੇੜੇ ਮੇਜ਼ 'ਤੇ ਰੱਖ ਦਿੱਤਾ ਅਤੇ ਨੀਲਿਮਾ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕਰਨ ਲੱਗੀ, "ਨਹੀਂ ਬੇਟਾ, ਰੋ ਨਾ। ਦੇਖ ਤੂੰ ਮੇਰੀ ਬਹਾਦਰ ਲਾਡੋ ਹੈਂ। ਕੀ ਬਹਾਦਰ ਬੱਚੇ ਕਿਤੇ ਰੋਂਦੇ ਹਨ?"

"ਪਰ ਮੰਮਾ, ਮੈਂ ਕੀ ਕਰਾਂ? ਮੈਨੂੰ ਪਾਪਾ ਦੀ ਯਾਦ ਭੁੱਲਦੀ ਹੀ ਨਹੀਂ, ਪਲੀਜ਼ ਮੈਨੂੰ ਪਾਪਾ ਨਾਲ ਮਿਲਾ ਦਿਓ...!" ਨੀਲਿਮਾ ਅਜੇ ਵੀ ਹਿਚਕੀਆਂ ਲੈ ਲੈ ਕੇ ਰੋ ਰਹੀ ਸੀ।

"ਨੀਲੂ, ਮੈਨੂੰ ਪਤਾ ਹੈ ਕਿ ਤੂੰ ਆਪਣੇ ਪਾਪਾ ਨੂੰ ਕਿੰਨਾ ਪਿਆਰ ਕਰਦੀ ਹੈਂ। ਯੈਸ, ਆਈ ਨੋਅ ਦੈਟ, ਬਟ ਵਟ ਕੈਨ ਆਈ ਡੂ...!"

ਨੀਲਿਮਾ ਰੋਂਦੀ-ਰੋਂਦੀ ਕਦੋਂ ਦੀ ਸੌਂ ਗਈ ਸੀ। ਪਰ ਸੁਮਨ ਅਜੇ ਵੀ ਨਮ ਅੱਖਾਂ ਨਾਲ ਉਸਨੂੰ ਦੇਖ ਰਹੀ ਸੀ। ਨੀਲਿਮਾ ਦੇ 'ਬਾਂਡ ਕੱਟ' ਵਾਲ ਉਸ ਦੇ ਮੱਥੇ 'ਤੇ ਖਿੱਲਰੇ ਹੋਏ ਸਨ, ਉਹ ਵਾਰ-ਵਾਰ ਪੱਖੇ ਦੀ ਹਵਾ ਨਾਲ ਟਕਰਾ ਕੇ ਨੀਲਿਮਾ ਦੀਆਂ ਅੱਖਾਂ ਵਿਚ ਦਾਖਲ ਹੋਣ ਦੀ ਅਸਫਲ ਕੋਸ਼ਿਸ਼ ਕਰ ਰਹੇ ਸਨ। ਸੁਮਨ ਨੂੰ ਅਜਿਹੇ ਵਾਲਾਂ ਤੋਂ ਸਖ਼ਤ ਨਫ਼ਰਤ ਹੈ। ਉਹਨੇ ਤਾਂ ਕਦੇ ਵੀ ਨੀਲਿਮਾ ਦੇ ਵਾਲ ਕੱਟਣ ਨਾ ਦਿੱਤੇ ਹੁੰਦੇ। ਕਿੰਨੀ ਪਿਆਰੀ ਲੱਗਦੀ ਸੀ ਨੀਲਿਮਾ ਉਦੋਂ, ਬਿਲਕੁਲ ਪਰੀ ਵਰਗੀ ਲੱਗਦੀ ਸੀ, ਜਦੋਂ ਉਹ ਆਪਣੀ ਪਸੰਦੀਦਾ ਚਿੱਟੇ ਮੋਤੀਆਂ ਅਤੇ ਗੋਟੇ ਜੜੀ ਫ਼ਰਾਕ ਪਹਿਨਦੀ ਸੀ। ਪਰ ਨੀਲਿਮਾ ਦੇ ਪਾਪਾ ਦੀ ਜ਼ਿੱਦ ਕਾਰਨ ਹੀ ਉਹਨੇ ਨੀਲਿਮਾ ਦੇ ਵਾਲ ਕਟਵਾਏ ਸਨ।

ਅਚਾਨਕ ਹੀ ਸੁਮਨ ਦਾ ਹੱਥ ਨੀਲਿਮਾ ਦੇ ਖਿੱਲਰੇ ਹੋਏ ਵਾਲਾਂ ਨੂੰ ਠੀਕ ਕਰਨ ਲਈ ਤਿਆਰ ਹੋ ਗਿਆ। ਨੀਲਿਮਾ ਦੇ ਵਾਲਾਂ ਨੂੰ ਸੰਵਾਰਦੇ ਹੋਏ ਸੁਮਨ ਬੁੜਬੁੜਾਈ ਸੀ, 'ਉਹੂੰ, ਹੁਣ ਮੈਂ ਨੀਲੂ ਦੇ ਵਾਲ ਕਦੇ ਨਹੀਂ ਕਟਵਾਵਾਂਗੀ, ਕਿੰਨੀ ਬਦਸੂਰਤ ਲੱਗਦੀ ਹੈ ਨੀਲੂ ਇਨ੍ਹਾਂ ਵਾਲਾਂ ਵਿੱਚ। ਨੀਲੂ ਨੂੰ ਖੁਸ਼ ਰੱਖਣ ਲਈ ਉਹਦੇ ਵਾਲ ਕੱਟਵਾਉਣੇ, ਉਸ ਦੇ 'ਬਰਥਡੇਅ' 'ਤੇ ਉਸ ਨੂੰ ਵੱਡੇ-ਵੱਡੇ ਤੋਹਫ਼ੇ ਦੇਣੇ ਅਤੇ ਸਾਰੀ ਉਮਰ ਮੇਰੇ ਨਾਲ ਰਹਿਣ ਦਾ ਵਾਅਦਾ ਕਰਨਾ, ਇਹ ਸਭ ਧੋਖਾ ਸੀ, ਹਿਮਾਂਸ਼ੂ ਦਾ ਅਤੇ ਹਿਮਾਂਸ਼ੂ ਦੇ ਇਸੇ ਧੋਖੇ ਵਿੱਚ ਫਸ ਗਈ ਸਾਂ ਮੈਂ।' ਘੰਟਿਆਂ ਬੱਧੀ ਬਿਸਤਰੇ 'ਤੇ ਪਾਸੇ ਮਾਰਦਿਆਂ ਹੀ ਸੁਮਨ ਨੂੰ ਨੀਂਦ ਆ ਸਕੀ ਸੀ।

ਰਾਤ ਨੂੰ ਦੇਰ ਨਾਲ ਸੌਣ ਕਾਰਨ ਸੁਮਨ ਸਵੇਰੇ ਦੇਰ ਨਾਲ ਉੱਠੀ। ਉੱਠਦੇ ਹੀ ਸੁਮਨ ਨੇ ਛੇਤੀ ਛੇਤੀ ਨੀਲਿਮਾ ਨੂੰ ਉਠਾਇਆ ਅਤੇ ਉਹਨੂੰ ਤਿਆਰ ਕਰਕੇ ਸਕੂਲ ਭੇਜ ਦਿੱਤਾ। ਸੁਮਨ ਨੇ ਆਪਣੇ ਲਈ ਹਲਕਾ ਜਿਹਾ ਨਾਸ਼ਤਾ ਤਿਆਰ ਕੀਤਾ ਸੀ, ਨਾਸ਼ਤਾ ਕਰਕੇ ਸੁਮਨ ਜਲਦੀ ਨਾਲ ਸਾਰਾ ਕੰਮ ਨਿਪਟਾ ਕੇ ਆਪਣੇ ਸਕੂਲ ਲਈ ਰਵਾਨਾ ਹੋ ਗਈ।

ਅਜਿਹਾ ਅਕਸਰ ਹੀ ਹੁੰਦਾ ਸੀ। ਹਾਲਾਂਕਿ ਘਰ ਵਿੱਚ ਦੋ ਹੀ ਜਣੇ ਸਨ, ਸੁਮਨ ਅਤੇ ਨੀਲਿਮਾ। ਪਰ ਜਦੋਂ ਤੋਂ ਹਿਮਾਂਸ਼ੂ ਸੁਮਨ ਤੋਂ ਵੱਖ ਹੋਇਆ ਹੈ, ਦੋਹਾਂ ਦੀ ਜ਼ਿੰਦਗੀ ਪੂਰੀ ਤਰ੍ਹਾਂ ਉਲਟ-ਪੁਲਟ ਹੋ ਗਈ ਹੈ। ਦਿੱਲੀ ਵਰਗੇ ਮਹਾਂਨਗਰ ਵਿੱਚ ਦੋਹਾਂ ਦੀ ਜ਼ਿੰਦਗੀ ਮਸ਼ੀਨ ਵਾਂਗ ਬਣ ਗਈ ਹੈ। ਨਾ ਸਮੇਂ ਸਿਰ ਖਾਣਾ, ਨਾ ਸਮੇਂ ਸਿਰ ਸੌਣਾ ਅਤੇ ਨਾ ਹੀ ਸਮੇਂ ਸਿਰ ਜਾਗਣਾ। ਫਿਰ ਮਾਨਸਿਕ ਪਰੇਸ਼ਾਨੀਆਂ ਅਤੇ ਤਣਾਅ ਕਾਰਨ ਦੋਵੇਂ ਇੱਕ-ਦੂਜੇ ਨੂੰ ਸਿਰਫ਼ ਖਾਮੋਸ਼ ਤਸੱਲੀ ਹੀ ਦੇ ਸਕਦੀਆਂ ਸਨ।

ਨੀਲਿਮਾ ਅਜੇ ਛੋਟੀ ਸੀ। ਪਰ, ਬੱਚੀ ਬਿਲਕੁਲ ਨਹੀਂ ਸੀ, ਉਹ ਸਭ ਕੁਝ ਸਮਝਦੀ ਸੀ। ਉਹ ਆਪਣੀ ਜ਼ਿੰਦਗੀ ਵਿੱਚ ਆਪਣੇ ਪਾਪਾ ਦੀ ਕਮੀ ਨੂੰ ਚੰਗੀ ਤਰ੍ਹਾਂ ਸਮਝਦੀ ਸੀ। ਪਾਪਾ ਲਈ ਮਾਂ ਦੇ ਦਿਲ ਵਿਚ ਵਧ ਰਹੀ ਇਕੱਲਤਾ ਅਤੇ ਖਾਲੀਪਣ ਨੂੰ ਵੀ ਉਹ ਲੁਕਛਿਪ ਕੇ ਵੇਖ ਲੈਂਦੀ ਸੀ। ਜਦੋਂ ਤੋਂ ਹਿਮਾਂਸ਼ੂ ਵੱਖ ਹੋਇਆ ਸੀ, ਸੁਮਨ ਨੂੰ ਆਪਣੇ ਅਤੇ ਨੀਲਿਮਾ ਦੇ ਗੁਜ਼ਾਰੇ ਲਈ ਦਰ-ਦਰ ਭਟਕਣਾ ਪਿਆ ਸੀ। ਅਤੇ ਫਿਰ ਕਿਤੇ ਜਾ ਕੇ ਸੁਮਨ ਨੂੰ ਇੱਕ 'ਕਾਨਵੈਂਟ' ਸਕੂਲ ਵਿੱਚ ਅਧਿਆਪਕ ਦੀ ਜੌਬ ਮਿਲੀ ਸੀ।

ਸਕੂਲ ਵਿੱਚ ਅਧਿਆਪਕ ਲੱਗਣ ਨਾਲ ਸੁਮਨ ਦਾ ਆਰਥਿਕ ਪਾੜਾ ਜ਼ਰੂਰ ਪੂਰਾ ਹੋ ਗਿਆ ਸੀ, ਪਰ ਹਿਮਾਂਸ਼ੂ ਦੀ ਗੈਰ-ਮੌਜੂਦਗੀ ਦਾ ਅਹਿਸਾਸ ਸੁਮਨ ਦੇ ਦਿਲ ਵਿੱਚ ਲਗਾਤਾਰ ਇੱਕ ਬੇਅੰਤ ਪਾੜਾ ਪੈਦਾ ਕਰ ਰਿਹਾ ਸੀ। ਉਂਜ ਤਾਂ ਕਈ ਲੋਕਾਂ ਨੇ ਸੁਮਨ ਨੂੰ ਦੂਜੇ ਵਿਆਹ ਦੀ ਸਲਾਹ ਦਿੱਤੀ ਸੀ ਅਤੇ ਸੁਮਨ ਖੁਦ ਵੀ ਇਹ ਚਾਹੁੰਦੀ ਸੀ। ਪਰ... 'ਲੋਕ ਕੀ ਕਹਿਣਗੇ' ਦਾ ਡਰ ਸੁਮਨ ਨੂੰ ਆਪਣੇ ਪੰਜਿਆਂ ਵਿੱਚ ਜਕੜ ਲੈਂਦਾ। ਅੰਦਰ ਕਿਤੇ ਨਾ ਕਿਤੇ ਕੋਈ ਅਦਿੱਖ ਦਰਦ ਸੀ ਜੋ ਸੁਮਨ ਨੂੰ ਅਜਿਹਾ ਕਰਨ ਤੋਂ ਰੋਕ ਰਿਹਾ ਸੀ। ਸੁਮਨ ਨੂੰ ਅਜੇ ਵੀ ਵਿਸ਼ਵਾਸ ਸੀ ਕਿ ਹਿਮਾਂਸ਼ੂ ਇੱਕ ਨਾ ਇੱਕ ਦਿਨ ਜ਼ਰੂਰ ਵਾਪਸ ਆ ਜਾਵੇਗਾ। ਅਤੇ ਇਹੋ ਸੋਚ-ਸੋਚ ਕੇ, ਸੁਮਨ ਆਪਣੀ ਜ਼ਿੰਦਗੀ ਦਾ ਹਰ ਹਿੱਸਾ, ਹਰ ਪਲ ਹਿਮਾਂਸ਼ੂ ਦੇ ਅਤੀਤ ਨਾਲ ਜੀਅ ਰਹੀ ਸੀ।

ਅੱਜ ਸੁਮਨ ਸਕੂਲੋਂ ਕੁਝ ਛੇਤੀ ਆ ਗਈ ਸੀ। ਸਿਰਦਰਦ ਸੀ, ਇਸੇ ਕਰਕੇ ਮਜਬੂਰਨ ਬੱਤਰਾ ਸਾਹਿਬ ਤੋਂ ਛੁੱਟੀ ਮੰਗਣੀ ਪਈ ਸੀ। ਉਂਜ ਤਾਂ ਬੱਤਰਾ ਸਾਹਿਬ ਬਹੁਤ 'ਸਟ੍ਰਿਕਟ ਸਰ' ਹਨ, ਕਿਸੇ ਨੂੰ ਛੇਤੀ ਕੀਤਿਆਂ ਛੁੱਟੀ ਨਹੀਂ ਦਿੰਦੇ ਪਰ ਕਿਉਂਕਿ ਸੁਮਨ ਨਾਂਹ ਦੇ ਬਰਾਬਰ ਹੀ ਛੁੱਟੀ ਲੈਂਦੀ ਸੀ, ਇਸੇ ਲਈ ਬੱਤਰਾ ਸਾਹਿਬ ਨੇ ਅੱਜ ਤੱਕ ਕਦੇ ਵੀ ਸੁਮਨ ਨੂੰ ਛੁੱਟੀ ਦੇਣ ਤੋਂ ਇਨਕਾਰ ਨਹੀਂ ਕੀਤਾ। ਅਤੇ ਵੈਸੇ ਵੀ, ਬੱਤਰਾ ਸਾਹਿਬ ਸੁਮਨ ਦੀ ਮਿਹਨਤ ਅਤੇ ਲਗਨ ਤੋਂ ਬਹੁਤ ਖੁਸ਼ ਸਨ। ਸੁਮਨ ਦੀ ਕਲਾਸ ਦੇ ਸਾਰੇ ਬੱਚੇ ਅਤੇ ਉਨ੍ਹਾਂ ਦੇ ਮਾਪੇ ਵੀ ਸੁਮਨ ਤੋਂ ਖੁਸ਼ ਸਨ।

ਸੁਮਨ ਨੇ ਸਕੂਲ ਤੋਂ ਵਾਪਸ ਆਉਂਦੇ ਸਮੇਂ ਰਾਹ ਵਿੱਚੋਂ ਹੀ ਦਵਾਈ ਲੈ ਲਈ ਸੀ। ਉਹ ਠੰਡੇ ਪਾਣੀ ਨਾਲ ਦਵਾਈ ਖਾ ਕੇ ਲੇਟ ਗਈ ਸੀ। ਕੁਝ ਦੇਰ ਬਾਅਦ ਜਦੋਂ ਉਹ ਜਾਗੀ ਤਾਂ ਉਸਨੇ ਖ਼ੁਦ ਨੂੰ ਬਹੁਤ ਹਲਕਾ ਅਤੇ ਤਰੋਤਾਜ਼ਾ ਮਹਿਸੂਸ ਕੀਤਾ।

ਨੀਲਿਮਾ ਦੇ ਸਕੂਲੋਂ ਪਰਤਣ ਦਾ ਸਮਾਂ ਹੋ ਰਿਹਾ ਸੀ, ਇਸ ਲਈ ਸੁਮਨ ਨੇ ਛੇਤੀ-ਛੇਤੀ ਉਸ ਲਈ ਖਾਣਾ ਬਣਾਇਆ। ਪੂਰੀ, ਕਚੌਰੀ, ਸਬਜ਼ੀ, ਰਾਇਤਾ ਅਤੇ ਨੀਲਿਮਾ ਦੀ ਮਨਪਸੰਦ ਕਾਜੂ ਵਾਲੀ ਖੀਰ ਵੀ ਤਿਆਰ ਕੀਤੀ ਸੀ ਸੁਮਨ ਨੇ। ਕਿੰਨੇ ਦਿਨ ਹੋ ਗਏ ਨੀਲਿਮਾ ਨੂੰ ਜੀਅ ਭਰ ਕੇ ਪਿਆਰ ਕੀਤਿਆਂ। ਇੰਝ ਜਾਪਦਾ ਸੀ ਜਿਵੇਂ ਸੁਮਨ ਰੋਜ਼ਾਨਾ ਮਾਨਸਿਕ ਤਣਾਅ ਅਤੇ ਉਦਾਸੀ ਕਾਰਨ ਨੀਲਿਮਾ ਨੂੰ ਘੁੱਟਣ, ਨਿਘਾਰ ਅਤੇ ਲਗਾਤਾਰ ਕਮੀ ਦੀ ਘੁੱਟ ਪਿਲਾ ਰਹੀ ਹੋਵੇ। ਕਦੇ-ਕਦੇ ਤਾਂ ਸੁਮਨ ਨੀਲਿਮਾ ਨੂੰ ਹਾਸੇ, ਮਜ਼ਾਕ ਜਾਂ ਪਿਆਰ ਦੇ ਦੋ ਬੋਲ ਵੀ ਨਹੀਂ ਕਹਿ ਸਕਦੀ ਸੀ, ਇਸ ਗੱਲ ਦਾ ਲਗਾਤਾਰ ਅਹਿਸਾਸ ਸੁਮਨ ਨੂੰ ਤੜਪਾਉਂਦਾ ਰਹਿੰਦਾ ਸੀ, ਜਿਸਦੀ ਪੀੜ ਨਾਲ ਸੁਮਨ ਤੜਪ ਕੇ ਰਹਿ ਜਾਂਦੀ ਸੀ। ਇਸੇ ਲਈ ਤਾਂ ਅੱਜ ਸੁਮਨ ਨੇ ਪੱਕਾ ਫੈਸਲਾ ਕਰ ਲਿਆ ਸੀ ਕਿ ਹੁਣ ਉਹ ਨੀਲਿਮਾ ਨੂੰ ਆਪਣੇ ਦੁੱਖ ਵਿੱਚ ਸ਼ਾਮਲ ਨਹੀਂ ਕਰੇਗੀ। ਉਸ ਨੂੰ ਇੱਕ ਸੁਨਹਿਰੀ ਅਤੇ ਖੁਸ਼ਹਾਲ ਭਲਕ ਦਾ ਸੁਪਨਾ ਦਿਖਾਏਗੀ।

"ਮੰਮੀ, ਛੇਤੀ ਛੇਤੀ ਖਾਣਾ ਲੈ ਆਓ, ਭੁੱਖ ਲੱਗੀ ਹੈ।" ਨੀਲਿਮਾ ਨੇ ਚਮਚੇ ਨਾਲ ਪਲੇਟ ਖੜਕਾਉਂਦਿਆਂ ਮੰਮੀ ਨੂੰ ਆਵਾਜ਼ ਮਾਰੀ।

"ਨੀਲੂ ਬੇਟਾ, ਦੱਸ, ਅੱਜ ਮੈਂ ਆਪਣੀ ਪਿਆਰੀ ਲਾਡੋ ਲਈ ਕੀ ਬਣਾਇਆ ਹੈ?" ਸੁਮਨ ਨੇ ਮੇਜ਼ 'ਤੇ ਖਾਣਾ ਰੱਖਦਿਆਂ ਨੀਲਿਮਾ ਨੂੰ ਪੁੱਛਿਆ।

"ਤੁਸੀਂ ਉਹੀ ਸਬਜ਼ੀ-ਰੋਟੀ ਬਣਾਈ ਹੋਵੇਗੀ, ਹੋਰ ਕੀ!" ਨੀਲਿਮਾ ਨੇ ਮੂੰਹ ਬਣਾਉਂਦਿਆਂ ਬੱਚਿਆਂ ਵਰਗੀ ਚੰਚਲਤਾ ਨਾਲ ਕਿਹਾ।

"ਨ...ਹੀਂ, ਅੱਜ ਮੈਂ ਪੂਰੀ, ਕਚੌਰੀ, ਸਬਜ਼ੀ, ਰਾਇਤਾ, ਸਲਾਦ ਅਤੇ ਆਪਣੀ ਰਾਣੀ ਬੇਟੀ ਦੀ ਮਨਪਸੰਦ 'ਖੀਰ' ਵੀ ਬਣਾਈ ਹੈ। ਅੱਜ ਮੈਂ ਆਪਣੇ ਹੱਥਾਂ ਨਾਲ ਆਪਣੀ ਲਾਡੋ ਨੂੰ ਖਾਣਾ ਖੁਆਵਾਂਗੀ।"

"ਓ ਮਾਈ ਸਵੀਟ ਮੰਮਾ... ਮੇਰੀ ਪਿਆਰੀ ਮੰਮੀ... ਤੁਸੀਂ ਕਿੰਨੇ ਚੰਗੇ ਹੋ।" ਨੀਲਿਮਾ ਨੇ ਆਪਣੀ ਗੱਲ ਖਤਮ ਕਰਦਿਆਂ ਹੀ ਸੁਮਨ ਦੀਆਂ ਗੱਲ੍ਹਾਂ ਤੇ ਪਾਰੀਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ।

ਖਾਣਾ ਖਾਣ ਪਿੱਛੋਂ ਨੀਲਿਮਾ ਆਪਣਾ 'ਹੋਮਵਰਕ' ਕਰਨ ਬੈਠ ਗਈ ਅਤੇ ਸੁਮਨ ਇੱਕ ਮੈਗਜ਼ੀਨ ਚੁੱਕ ਕੇ ਪੜ੍ਹਨ ਲੱਗ ਪਈ। 'ਹੋਮਵਰਕ' ਖਤਮ ਕਰਨ ਪਿੱਛੋਂ, ਨੀਲਿਮਾ ਨੇ ਆਪਣੀਆਂ ਨੋਟਬੁੱਕਸ ਇਕੱਠੀਆਂ ਕਰਕੇ ਇਕ ਪਾਸੇ ਰੱਖ ਦਿੱਤੀਆਂ।

ਹੁਣ ਉਹ ਬੈਠ ਕੇ ਆਪਣੀਆਂ ਅੰਗਰੇਜ਼ੀ ਦੀਆਂ ਪੋਇਮਜ਼ ਯਾਦ ਲੱਗ ਪਈ ਸੀ। ਪੜ੍ਹਦਿਆਂ-ਪੜ੍ਹਦਿਆਂ ਨੀਲਿਮਾ ਬਿਲਕੁਲ ਚੁੱਪ ਹੋ ਗਈ ਸੀ। ਉਸਦੀਆਂ ਵੱਡੀਆਂ-ਵੱਡੀਆਂ ਅਤੇ ਕਾਲੀਆਂ ਅੱਖਾਂ ਮੈਗਜ਼ੀਨ ਵਿੱਚ ਗੁਆਚੀ ਸੁਮਨ 'ਤੇ ਰੁਕ ਗਈਆਂ, "ਮੰਮੀ, ਇਹ ਦੂਜੀ ਔਰਤ ਕੌਣ ਹੁੰਦੀ ਹੈ? ਪਾਪਾ ਕਿਸੇ ਹੋਰ ਔਰਤ ਕੋਲ ਕਿਉਂ ਚਲੇ ਗਏ ਹਨ?" ਨੀਲਿਮਾ ਨੇ ਅਚਾਨਕ ਆਪਣੀ ਮਾਸੂਮੀਅਤ ਵਿੱਚ ਸੁਮਨ ਨੂੰ ਇੱਕ ਸਵਾਲ ਪੁੱਛਿਆ ਸੀ।

"ਨੀਲੂ, ਤੂੰ ਪੜ੍ਹਾਈ ਕਰ ਰਹੀ ਹੈਂ ਜਾਂ ਅਜਿਹੀਆਂ 'ਸੈਂਸਲੈੱਸ' ਗੱਲਾਂ ਬਾਰੇ ਸੋਚ ਰਹੀ ਹੈਂ? ਤੈਨੂੰ ਕਿਸਨੇ ਕਿਹਾ ਕਿ ਤੇਰੇ ਪਾਪਾ...?"

"ਨਹੀਂ ਮੰਮੀ, ਉਹ ਮੇਰਾ ਦੋਸਤ ਹੈ ਨਾ ਉਤਕਰਸ਼! ਉਹ ਮੇਰੀ ਕਲਾਸ ਵਿੱਚ ਪੜ੍ਹਦਾ ਹੈ। ਉਤਕਰਸ਼ ਨੇ ਮੈਨੂੰ ਦੱਸਿਆ ਸੀ ਕਿ ਉਸਦੇ ਡੈਡੀ ਕਿਸੇ ਹੋਰ ਔਰਤ ਕੋਲ ਚਲੇ ਗਏ ਸਨ। ਫਿਰ ਉਸਦੀ ਮੰਮੀ ਨੇ ਦੂਸਰੀ ਮੈਰਿਜ ਕਰ ਲਈ ਸੀ, ਅਤੇ ਫਿਰ ਜਦੋਂ ਉਸਦੇ ਨਵੇਂ ਪਾਪਾ ਆਏ ਤਾਂ ਨਾਲ ਹੀ ਕੁਝ ਦਿਨਾਂ ਬਾਅਦ ਉਸਦੀ ਇੱਕ ਛੋਟੀ ਭੈਣ ਵੀ ਆ ਗਈ ਸੀ। ਛੋਟੀ ਭੈਣ ਦੇ ਆ ਜਾਣ ਤੇ ਉਤਕਰਸ਼ ਦੇ ਨਵੇਂ ਪਾਪਾ ਭੈਣ ਨੂੰ ਤਾਂ ਖ਼ੂਬ ਪਿਆਰ ਕਰਦੇ ਹਨ ਅਤੇ ਉਤਕਰਸ਼ ਨੂੰ ਕਦੇ ਪਿਆਰ ਨਹੀਂ ਕਰਦੇ। ਉਤਕਰਸ਼ ਦੇ ਨਵੇਂ ਪਾਪਾ ਉਹਨੂੰ ਮਾਰਦੇ ਵੀ ਹਨ। ਅਤੇ ..." ਬਾਕੀ ਦੀ ਗੱਲਬਾਤ ਨੀਲਿਮਾ ਨੇ ਨਰਮ ਹੰਝੂਆਂ ਨਾਲ ਜਾਰੀ ਰੱਖੀ ਸੀ, ਜੋ ਲਗਾਤਾਰ ਅਣਕਹੀ ਹੀ ਰਹੀ ਸੀ।

"ਨੀਲੂ... ਨੀ...ਲੂ..., ਚੁੱਪ ਕਰ। ਅੱਜ ਤੂੰ ਇਸ ਤਰ੍ਹਾਂ ਦੀਆਂ ਗੱਲਾਂ ਕਿਉਂ ਕਰ ਰਹੀ ਹੈਂ? ਖ਼ਬਰਦਾਰ ਨੀਲੂ, ਜੋ ਕਦੇ ਤੇਰੇ ਮੂੰਹੋਂ ਫ਼ੇਰ ਇਹੋ ਜਿਹੇ ਲਫ਼ਜ਼ ਨਿਕਲੇ। ਚੁੱਪਚਾਪ ਆਪਣੀ ਪੜ੍ਹਾਈ ਕਰ। ਕੋਈ ਜ਼ਰੂਰਤ ਨਹੀਂ ਤੈਨੂੰ ਇਧਰ-ਉਧਰ ਦੀਆਂ ਫ਼ਾਲਤੂ ਗੱਲਾਂ ਸੋਚਣ-ਸਮਝਣ ਦੀ।" ਨੀਲਿਮਾ ਦੀਆਂ ਗੱਲਾਂ ਸੁਣ ਕੇ ਸੁਮਨ ਆਪਣੇ-ਆਪ 'ਤੇ ਕਾਬੂ ਨਾ ਰੱਖ ਸਕੀ ਅਤੇ ਭਰੇ ਹੋਏ ਬੱਦਲਾਂ ਵਾਂਗ ਨੀਲਿਮਾ 'ਤੇ ਵਰ੍ਹ ਪਈਆਂ।

ਸੁਮਨ ਦੀ ਡਾਂਟ ਸੁਣ ਕੇ ਨੀਲਿਮਾ ਅੰਦਰ ਤੱਕ ਕੰਬ ਗਈ ਸੀ ਅਤੇ ਫਿਰ ਸਹਿਮ ਕੇ ਆਪਣੀਆਂ ਕਾਪੀਆਂ-ਕਿਤਾਬਾਂ ਵਿੱਚ ਖੁੱਭ ਗਈ ਸੀ।

ਅਗਲੀ ਸਵੇਰ, ਕਿਉਂਕਿ ਐਤਵਾਰ ਸੀ, ਸੁਮਨ ਥੋੜ੍ਹੀ ਦੇਰ ਨਾਲ ਉੱਠੀ। ਧੁੱਪ ਰੌਸ਼ਨਦਾਨ ਵਿੱਚੋਂ ਅੰਦਰ ਆ ਰਹੀ ਸੀ। ਸੁਮਨ ਖ਼ੁਸ਼ਗਵਾਰ ਅੰਗੜਾਈ ਲੈ ਕੇ ਜਾਗ ਪਈ। ਅਚਾਨਕ ਉਸ ਦੀ ਨਜ਼ਰ ਸਾਹਮਣੇ ਕੰਧ 'ਤੇ ਰੰਗਦਾਰ ਚਾਕ ਨਾਲ ਲਿਖੀ ਲਿਖਤ 'ਤੇ ਪਈ, ਜਿਸ ਨਾਲ ਉਸ ਦਾ ਚਿਹਰਾ ਲਾਲ ਹੋ ਗਿਆ, 'ਬੱਤਰਾ ਅੰਕਲ – ਮੇਰੇ ਗੰਦੇ ਪਾਪਾ।'

'ਨੀਲੂ...! ਓ ਮਾਈ ਗੌਡ...!' ਬੁੜਬੁੜਾ ਕੇ ਸੁਮਨ ਗੁੱਸੇ ਨਾਲ ਨੀਲਿਮਾ ਵੱਲ ਵਧੀ। ਸੁਮਨ ਦੇ ਹਾਵਭਾਵ ਨੂੰ ਦੇਖਦਿਆਂ, ਉਸਦਾ ਗੁੱਸਾ ਸੱਤਵੇਂ ਅਸਮਾਨ 'ਤੇ ਸੀ। ਲੱਗਦਾ ਸੀ ਕਿ ਉਹ ਹੁਣੇ ਨੀਲੂ ਨੂੰ ਬਾਂਹੋਂ ਫੜ ਕੇ ਉਠਾਵੇਗੀ ਅਤੇ ਉਸਨੂੰ ਇੱਕ ਜ਼ੋਰਦਾਰ ਥੱਪੜ ਮਾਰੇਗੀ।

ਪਰ ਨੀਲਿਮਾ ਦੇ ਨੇੜੇ ਆ ਕੇ ਸੁਮਨ ਰੁਕ ਗਈ। ਉਸ ਦੇ ਚਿਹਰੇ ਵੱਲ ਦੇਖਦਿਆਂ ਉਸ ਦੀਆਂ ਗੱਲ੍ਹਾਂ 'ਤੇ ਹੰਝੂਆਂ ਦੀਆਂ ਕਈ ਸੁੱਕੀਆਂ ਰੇਖਾਵਾਂ ਨਜ਼ਰ ਆ ਰਹੀਆਂ ਸਨ। ਸੁਮਨ ਸਮਝ ਗਈ ਕਿ ਨੀਲਾ ਸਾਰੀ ਰਾਤ ਬਹੁਤ ਰੋਂਦੀ ਰਹੀ ਹੈ।

ਨੀਲਿਮਾ ਦੇ ਵਾਲਾਂ ਨੂੰ ਪਿਆਰ ਨਾਲ ਸਹਿਲਾਉਂਦਿਆਂ ਸੁਮਨ ਉਸ ਨੂੰ ਸ਼ਿੱਦਤ ਨਾਲ ਚੁੰਮਣ ਲੱਗੀ, ਜਿਸ ਕਾਰਨ ਨੀਲਿਮਾ ਘਬਰਾ ਕੇ ਉੱਠ ਗਈ। ਹੁਣ ਉਹ ਡਰ ਨਾਲ 'ਕੱਠੀ ਹੁੰਦੀ ਜਾ ਰਹੀ ਸੀ।